31 ਜਨਵਰੀ 1967, ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਰਾਜ ਦੇ ਤਿੰਨ ਸੌ ਸਾਲਾ ਅਵਤਾਰ ਗੁਰਪੁਰਬ ਵਾਲੇ ਦਿਨ,ਤੱਖਤ ਸ੍ਰੀ ਪਟਨਾ ਸਾਹਿਬ ਜੀ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ,ਤੱਖਤ ਸ੍ਰੀ ਪਟਨਾ ਸਾਹਿਬ ਵਿਖੇ ਸਾਰੀਆਂ ਸੰਗਤਾਂ ਦੀ ਹਾਜਰੀ ਵਿੱਚ ਦਮਦਮੀ ਟਕਸਾਲ ਦੇ 13 ਵੇਂ ਮੁਖੀ ਵਜੋਂ ਆਪ ਜੀ ਦੀ ਦਸਤਾਰ ਬੰਦੀ ਕਰ ਦਿੱਤੀ,ਅਤੇ ਜੋ ਉਸ ਸਮੇ ਦਸਤਾਰ ਬੰਦੀ ਵਾਰੇ ਬਖ਼ਿਸ਼ਸ਼ ਭਰੇ ਬਚਨ ਮਹਾਂਪੁਰਖਾਂ ਨੇ ਕੀਤੇ,ਉਹ ਸਾਰੇ ਬਚਨ ਟੇਪ ਰਿਕਾਰਡ ਵਿੱਚ ਅੱਜ ਵੀ ਜਥੇ ਸੰਗਤ ਪਾਸ ਮੌਜੂਦ ਹਨ,ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨੇ 28 ਜੂਨ 1969,ਈਸਵੀ ਨੂੰ,ਵੀਰਵਾਰ ਵਾਲੇ ਦਿਨ,ਅੰਮ੍ਰਿਤ ਵੇਲੇ ਦੋ ਵਜੇ ਨਗਰ ਮਹਿਤਾ ਵਿਖੇ,ਭਾਈ ਭਾਨ ਸਿੰਘ ਜੀ ਦੇ ਘਰ ਸੱਚਖੰਡ ਗਮਨ ਕੀਤਾ।ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਨੇ ਨਗਰ ਮਹਿਤਾ ਵਿਖੇ,ਸੰਤਾਂ ਮਹਾਂਪੁਰਖਾ ਦੀ ਯਾਦ ਵਿੱਚ ਨਗਰ ਅਤੇ ਇਲਾਕਾ ਨਿਵਾਸੀ ਸਿੱਖ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬਹੁਤ ਥੋੜੇ ਸਮੇ ਵਿੱਚ,ਦੋ ਏਕੜ ਲੰਮਾ ਚੌੜਾ,ਅਤੇ ਪੱਚੀ ਫੁੱਟ ਡੂੰਘੇ ਛੱਪੜ ਨੂੰ ਪੂਰ ਕੇ ਬਹੁਤ ਅਲੀਸ਼ਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,ਅਤੇ ਜਥੇ ਸੰਗਤ ਤੇ,ਸਿੱਖ ਸੰਗਤਾਂ ਲਈ ਵਿਸਾਲ ਲੰਗਰ ਹਾਲ,ਵਿਦਿਆਰਥੀਆਂ ਲਈ ਗੁਰਬਾਣੀ ਦੀ ਸੰਥਿਆਂ,ਅਤੇ ਸ਼ਬਦ ਕੀਰਤਨ ਦੀ ਸਿਖਲਾਈ ਲਈ,ਬਹੁਤ ਸੁੰਦਰ ਵਿਦਿਆਲੇ ਦੀ ਇਮਾਰਤ,ਸਿੰਘਾਂ ਦੇ ਰਹਿਣ ਲਈ ਬਿਲਡਿੰਗ ਜੋ ਬਹੁਤ ਥੋੜੇ ਸਮੇ ਵਿੱਚ ਤਿਆਰ ਕਰਵਾਈਆਂ,ਖਾਲਸਾ ਪੰਥ ਦੀ ਇਸ ਚਲਦੀ ਵਿਰਦੀ ਯੂਨੀਵਰਸਿਟੀ,ਦਮਦਮੀ ਟਕਸਾਲ ਵਿੱਚ ਵਿੱਦਿਆ ਪ੍ਰਾਪਤ ਕਰਨ ਆਏ ਕਰੀਬ 300 ਸੌ ਸਿੰਘਾਂ ਤੋਂ ਵਧੀਕ ਜਥੇ ਨੂੰ ਮਹਾਂਪੁਰਸ਼ਾਂ ਨੇ ਨਾਲ ਲੈਕੇ,ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਹੀ ਨਹੀਂ ਦੇਸ਼ ਦੀਆਂ ਹੋਰ ਬਹੁਤ ਸਾਰੀਆਂ ਸਟੇਟਾਂ ਵਿੱਚ ਵੀ ਦਿਨ ਰਾਤ ਇਕ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ,ਅਤੇ ਗੁਰੂ-ਘਰ ਦੇ,ਪ੍ਰਚਾਰ-ਪ੍ਰਸਾਰ ਲਈ ਭਾਰੀ ਗਿਣਤੀ ਵਿੱਚ ਸੇਵਾਦਾਰ,ਗਰੰਥੀ ਸਿੰਘ,ਕਥਾਕਾਰ ਗਿਆਨੀ ਸਿੰਘ,ਰਾਗੀ ਸਿੰਘ,ਅਤੇ ਪ੍ਰਚਾਰਕ ਬਣਾਏ,ਹਰ ਸਮੇ ਹੀ ਆਪ ਜੀ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੀ ਤੜਪ ਰਹਿੰਦੀ ਸੀ,ਆਪ ਜੀ ਨੇ ਦਿਨ ਰਾਤ ਇਕ ਕੀਤਾ ਹੋਇਆ ਸੀ,ਆਪ ਜੀ 15-15 ਘੰਟੇ ਵੀ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਖੜ੍ਹੇ ਹੋਕੇ 30 ਤੋਂ 70 ਥਾਂਵਾਂ ਤੇ ਨਗਰ ਕੀਰਤਨ (ਜਲੂਸ) ਵਾਲੇ ਇਲਾਕੇ ਵਿੱਚ ਪ੍ਰਚਾਰ ਕਰਦੇ ਸਨ,ਸਾਰੀਆਂ ਸਿੱਖ ਸੰਗਤਾਂ ਪਾਸੋ ਆਪ ਜੀ ਧਾਰਨਾ ਰੂਪ ਇਹ ਨਾਹਰਾ ਲਵਾਇਆ ਕਰਦੇ ਸਨ,-ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਧਕ ਨਾਂ ਜਾਵੇ।ਆਪ ਜੀ ਸਿੱਖ ਸੰਗਤਾਂ ਵਿੱਚ ਗੁਰਸਿਖੀ ਦਾ ਪ੍ਰਚਾਰ ਕਰਦੇ ਸਮੇ,ਦੇਹਧਾਰੀ ਗੁਰੂ ਡੰਬ ਤੋਂ ਸਿੱਖ ਸੰਗਤਾਂ ਨੂੰ ਹਰ ਪੱਖ ਤੋਂ ਸੁਚੇਤ ਕਰਦੇ ਸਨ,ਅਤੇ ਐਮਰਜੈਂਸੀ ਦੀਆਂ ਪੀੜੀਆਂ ਬੰਦਸ਼ਾਂ ਸਮੇ ਜਦੋਂ ਸਾਰਾ ਹਿੰਦੁਸਤਾਨ ਤਰ੍ਹਾ-ਤਰ੍ਹਾ ਕਰ ਰਿਹਾ ਸੀ,ਇਕ ਇਹ ਮਹਾਂਪੁਰਸ਼ ਹੀ ਸਨ ਜੋ ਸੱਚੇ-ਸੁੱਚੇ ਸ਼ਬਦ ਕਹਿਣ ਦੀ ਜੁਰਅਤ ਕਰ ਸਕੇ,ਇਸੇ ਹੀ ਸਮੇ ਐਮਰਜੈਂਸੀ ਦੀਆਂ ਸਾਰੀਆਂ ਹੀ ਰੁਕਾਵਟਾਂ ਦੀਆਂ ਧੱਜੀਆਂ ਉਡਾ ਕੇ ਸੰਤ ਜੀ ਨੇ ਜਥੇ ਸਮੇਤ ਵੱਖ-ਵੱਖ ਥਾਂਵਾਂ ਤੇ 37 ਮਹਾਨ ਨਗਰ ਕੀਰਤਨ(ਜਲੂਸ) ਕੱਢੇ ਸਨ।ਆਪ ਜੀ ਨੇ ਅਨੇਕਾਂ ਹੀ ਸਿੱਖ ਪ੍ਰਚਾਰਕਾਂ ਦਾ,ਜੋ ਢਾਡੀ,ਕਵੀਸ਼ਰ ਸਨ ਸੁਧਾਰ ਕੀਤਾ ਅਤੇ ਜੋ ਅੰਮ੍ਰਿਤ ਛੱਕਕੇ ਤਿਆਰ ਬਰਤਿਆਰ ਹੋਏ,ਜਥੇ ਸੰਗਤ ਵੱਲੋਂ ਆਪ ਜੀ ਨੇ ਉਨ੍ਹਾ ਸਾਰੇ ਜਥਿਆਂ ਨੂੰ ਪ੍ਰੰਸਨ ਹੋਕੇ ਸਿਰੋਪਾਓ ਵੀ ਬਖ਼ਿਸ਼ਸ਼ ਕੀਤੇ।ਆਪ ਜੀ ਦੇ ਬਚਨ ਹਮੇਸਾਂ ਹੀ ਬਹੁਤ ਨਿਰਭੈਤਾ ਵਾਲੇ ਹੁੰਦੇ ਸਨ।



7 ਦਸੰਬਰ 1975 ਈ: ਵਾਲੇ ਦਿਨ ਜਦੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ,ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ,ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ,ਨਗਰ ਕੀਰਤਨ (ਜਲੂਸ) ਅਨੰਦਪੁਰ ਸਾਹਿਬ ਤੋਂ ਪਹੁੰਚਿਆਂ,ਉਸ ਸਮੇ ਉੱਥੇ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ,ਲੱਖਾਂ ਦਾ ਇਕੱਠ ਸੀ,ਜਦੋ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ ਤੇ ਆਈ,ਤਾਂ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ ਤੋਂ ਉਠ ਕੇ ਸਭ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ,ਪਰ ਸੰਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਸਟੇਜ ਤੇ ਬੈਠੇ ਰਹੇ,ਅਤੇ ਸਟੇਜ ਤੋ ਗੁਰੂ ਸਾਹਿਬ ਦੀ ਹਜੂਰੀ ਵਿੱਚ ਖੜੇ ਹੋਕੇ ਸੁਆਗਤ ਕਰਨ ਵਾਲਿਆ ਦਾ,ਪੁਰ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਵੀ ਕੀਤਾ।ਉਸ ਸਮੇ ਦੇਸ਼ ਦੀ ਪ੍ਰਧਾਨ ਮੰਤਰੀ ਨੇ,ਆਪੁਣੇ ਸਮੇਂ ਵਿੱਚ ਬੋਲਦਿਆ ਕਿਹਾ,ਕਿ ਮੈ ਸਿੱਖ ਕੌਮ ਦਾ ਬਹੁਤ ਆਦਰ ਸਤਿਕਾਰ ਕਰਦੀ ਹਾਂ,ਮੈ ਤਾਂ ਆਪੁਣੇ ਛੋਟੇ ਬੇਟੇ,ਸੰਜੇ ਗਾਂਧੀ ਦਾ ਰਿਸ਼ਤਾ ਵੀ ਇਕ ਗੁਰਸਿੱਖ ਪ੍ਰਵਾਰ ਦੀ ਬੇਟੀ ਨਾਲ ਕੀਤਾ ਹੈ,ਅਤੇ ਜਿਸ ਦਿੱਲੀ ਦੇ ਤੱਖਤ ਨੇ ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਸੀ,ਅੱਜ ਉਹੀ ਦਿੱਲੀ ਦਾ ਤੱਖਤ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਵਾਸਤੇ ਆਇਆ ਹੈ।



**ਬਾਬਾ ਮੁਖਤਿਆਰ ਸਿੰਘ ਮੁਖੀ, ਟੋਡਰਵਾਲ**
**ਵਿਦਿਆਰਥੀ ਦਮਦਮੀ ਟਕਸਾਲ**
**ਫ਼ੋਨ ਨੰਬਰ +317-500-3725**
**DFBH parkstone ln Avon,Indiana DFABC**

ਇਸ ਤੋਂ ਬਆਦ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਆਪੁਣੇ ਸਮੇ ਵਿੱਚ ਸਟੇਜ ਤੋ ਇਸ ਧਾਰਨਾ ਨੂੰ ਸਾਰੀ ਸੰਗਤ ਤੋਂ ਗੱਜ ਵੱਜ ਕੇ ਬੁਲਾਇਆ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਧਕ ਨਾ ਜਾਵੇ- ਇਸ ਤੋਂ ਬਾਅਦ ਫੇਰ ਸੰਤਾਂ ਨੇ ਬੋਲਦਿਆਂ,ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਨੂੰ ਬਹੁਤ ਹੀ ਨਿਰਭੈਤਾ ਸਿਹਤ ਕਿਹਾ,ਅਤੇ ਸਾਰੀਆਂ ਸਿੱਖ ਸੰਗਤਾਂ ਨੂੰ ਨਿਮ੍ਰਤਾ ਸਹਿਤ ਬੇਨਤੀ ਕੀਤੀ,ਖਾਲਸਾ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਭਾਵੇਂ ਕੋਈ ਵੱਡੇ ਤੋਂ ਵੱਡੇ ਆਉਦੇ ਵਾਲਾ ਆਵੇ,ਪਰ ਸੰਗਤ ਵਿੱਚੋਂ ਕਿਸੇ ਨੇ ਵੀ ਉੱਠ ਕੇ ਖੜੇ ਨਹੀਂ ਹੋਣਾ,ਅਤੇ ਜੇ ਸੰਗਤ ਵਿੱਚ ਕਿਸੇ ਆਏ ਦਾ ਸਤਿਕਾਰ ਕਰਨਾ ਹੈ,ਤਾਂ ਉਸ ਦਾ ਸੰਗਤਾਂ ਵੱਲੋਂ ਜੈਕਾਰਾ ਬੁਲਾਕੇ ਸਤਿਕਾਰ ਕੀਤਾ ਜਾ ਸਕਦਾ ਹੈ,ਮੈ ਇਹ ਵੀ ਆਪ ਸਾਰਿਆ ਨੂੰ ਬੇਨਤੀ ਕਰਦਾ ਹਾਂ,ਰਹਿਤਨਾਮੇ ਦੇ ਬਚਨ ਹਨ,ਹਰ ਇੱਕ ਗੁਰਸਿਖ ਮਾਈ ਭਾਈ ਦਾ ਫਰਜ ਬਣਦਾ ਹੈ ਕਿ ਗੁਰੂ ਸਾਹਿਬ ਦੇ ਇਨ੍ਹਾਂ ਹੁਕਮ ਉਤੇ ਪਹਿਰਾ ਦੇਵੇ।।

**ਕੰਨਿਆਂ ਦੇਵੈ ਸਿੱਖ ਕੋ ਲੇਵੈ ਨਹਿ ਕਿਛ ਦਾਮ।।**
**ਸੋਈ ਮੇਰਾ ਸਿੱਖ ਹੈ ਪਹੁੰਚੇ ਗੁਰ ਕੇ ਧਾਮ।।**

ਕਿਸੇ ਵੀ ਗੁਰਸਿਖ ਪ੍ਰਵਾਰ ਨੇ,ਆਪੁਣੀ ਬੇਟੀ ਦਾ ਰਿਸ਼ਤਾ ਕਰਨਾ ਹੈ,ਉਸ ਨੂੰ ਸਿੱਖ ਪ੍ਰਵਾਰ ਤੋਂ ਬਗੈਰ ਨਹੀਂ ਕਰਨਾ ਚਾਹੀਦਾ,ਪਰ ਇਥੇ ਕਈ ਰਾਜਪੂਤ ਘਰਾਨੇ,ਮੁਗਲ ਰਾਜਿਆਂ ਨੂੰ ਆਪੁਣੀਆਂ ਧੀਆਂ ਦੇ ਡੋਲੇ ਦੇਕੇ ਰਾਜ-ਭਾਗ ਕਰਿਆ ਕਰਦੇ ਸਨ,ਧਿਰਕਾਰ ਹੈ,ਉਨ੍ਹਾ ਸਿੱਖਾਂ ਨੂੰ ਜੋ ਆਪੁਣੀ ਧੀ ਦਾ ਰਿਸ਼ਤਾ ਕਿਸੇ ਗੈ.ਰ ਸਿੱਖ ਨਾਲ ਕਰਦੇ ਹਨ।।

ਜੋ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਅੱਜ ਦਿੱਲੀ ਦਾ ਤੱਖਤ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਵਾਸਤੇ ਚੱਲਕੇ ਆਇਆ ਹੈ,ਮੈ ਇਹ ਪੁੱਛਣਾ ਚਾਹੁੰਦਾ ਹਾਂ,ਪ੍ਰਧਾਨ ਮੰਤਰੀ ਜੀ ਤੁਸੀ ਕੋਈ ਇਹ ਗੁਰੂ ਸਾਹਿਬ ਜੀ ਤੇ ਜਾ ਸਿੱਖ ਕੌਮ ਤੇ ਅਸਾਨ ਕਰਨ ਨਹੀਂ ਆਏ,ਮੈ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ,ਇਹ ਦਿੱਲੀ ਦਾ ਤੱਖਤ ਦਿਵਾਇਆ ਕਿਸ ਨੇ,ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਰਾਜ ਜੀ ਨੇ ਤਿਲਕ ਜੰਞੂ ਦੀ ਰਖਿਆ ਖਾਤਰ ਆਪੁਣੀ ਅਤੇ ਆਪੁਣੇ ਗੁਰਸਿੱਖਾਂ ਦੀਆਂ ਸ਼ਹੀਦੀਆਂ ਦੇਕੇ ਇਹ ਦਿੱਲੀ ਦਾ ਤੱਖਤ ਦਵਾਇਆ ਹੈ,ਮੈ ਕਹਿੰਦਾ ਹਾਂ ਜਿੰਨੇ ਵੀ,ਪ੍ਰਧਾਨ ਮੰਤਰੀ ਦੇ ਸਰੀਰ ਤੇ ਰੋਮ ਹਨ,ਏਨੇ ਵਾਰੀ ਆਪੁਣਾ ਸੀਸ ਕੱਟ ਕੇ ਵੀ,ਗੁਰੂ ਸਾਹਿਬ ਜੀ ਦੇ ਚਰਨਾ ਵਿੱਚ ਭੇਟਾ ਕਰਨ,ਤਾ ਵੀ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ,ਅਹਿਸਾਨ ਨਹੀਂ ਚੁੱਕਾ ਸਕਦੇ।ਮਹਾਪੁਰਸ਼ਾ ਦੇ ਭੈ ਤੋ ਰਹਿਤ ਇਹਨਾ ਬਚਨਾ ਨੂੰ ਸੁਣਕੇ,ਉਸੇ ਦਿਨ ਤੋਂ ਹੀ ਦਮਦਮੀ ਟਕਸਾਲ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਈ ਸੀ।ਮਹਾਂਪੁਰਸ਼ਾਂ ਨੇ ਸਿੱਖ ਕੌਮ ਨੂੰ ਵੀ ਬਹੁਤ ਵੱਡਾ ਹਲੂਣਾ ਦੇਕੇ ਆਪੁਣੇ ਵਿਰਸੇ ਨਾਲ ਜੋੜਿਆ।।

ਆਖਰ ਉਹ ਸਮਾਂ ਵੀ ਇਕ ਦਿਨ ਆਗਿਆ,ਜਦੋ ਸਰੀਰ ਕਰਕੇ ਅੱਜ ਤੱਕ ਕਾਲ (ਮੌਤ) ਦੇ ਸਮੇ ਤੋਂ ਕੋਈ,ਬੱਚ ਨਹੀਂ ਸਕਿਆ,ਇਕ ਦਿਨ ਸਭ ਨੇ,ਇਸ ਫ਼ਾਨੀ ਸੰਸਾਰ ਨੂੰ ਛੱਡ ਜਾਣਾ ਹੈ,

ਮਹਾਂਪੁਰਸ਼ਾਂ ਦਾ ਸੱਚ-ਖੰਡ ਗਮਨ--ਪਿੰਡ ਮਲਸੀਆਂ(ਨਕੋਧਰ) ਵਿਖੇ ਸਰਦਾਰ ਉਂਜਲ ਸਿੰਘ ਦੇ ਘਰ ਵਿੱਚ ਸਾਰੇ ਜਥੇ ਸੰਗਤ ਦਾ ਉਤਾਰਾ ਸੀ ,ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਦੇ ਸਨ,ਅਤੇ 3 ਅਗਸਤ 1977 ਵਾਲੇ ਦਿਨ ਦਾ ਦੀਵਾਨ ਸਜਾਕੇ ਅੱਗੇ ਸੋਲਨ ਜਾਣਾ ਸੀ,ਜਾਣ ਤੋਂ ਪਹਿਲਾ ਦੀਵਾਨ ਸਜਾਏ ਗਏ,ਜਥੇ ਸੰਗਤ ਦੇ ਹਜ਼ੂਰੀ ਰਾਗੀ,ਭਾਈ ਰਾਮ ਸਿੰਘ ਜੀ,ਭਾਈ ਗੁਰਸ਼ਰਨ ਸਿੰਘ ਜੀ,ਦਾਸ ਭਾਈ ਮੁਖਤਿਆਰ ਸਿੰਘ ਮੁਖੀ,ਭਾਈ ਸੁਰਜੀਤ ਸਿੰਘ ਜੀ,ਭਾਈ ਗੁਰਮੇਲ ਸਿੰਘ ਜੀ ਪਾਸੋਂ ਕੀਰਤਨ ਸਰਵਨ ਕਰਦਿਆਂ ਸਮੇ ਮਹਾਂਪੁਰਖਾਂ ਨੇ ਇਹ ਸ਼ਬਦ ਆਪ ਆਗਿਆ ਕਰਕੇ ਸੁਣਿਆ,

**ਬਹੁਰਿ ਹਮ ਕਾਹੇ ਆਵਹਿਗੇ।।**
**ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ।।**

ਮਹਾਂਪੁਖਸ਼ਾਂ ਨੇ ਫੇਰ ਡੇਢ ਘੰਟਾ ਆਪ ਕਥਾ ਕੀਤੀ ਅਤੇ ਅਖੀਰ ਵਿੱਚ ਸਾਰੇ ਜਥੇ ਪਾਸੋ ਅਤੇ ਸੰਗਤਾਂ ਪਾਸੋ ਹੱਥ ਜੋੜ ਕੇ ਮੁਆਫੀ ਮੰਗੀ,ਕੜਾਹ ਪ੍ਰਸ਼ਾਦਿ ਵਰਤਣ ਸਮੇ ਸੰਤਾਂ ਨੇ ਆਪ ਇਹ ਸ਼ਬਦ ਸਾਰੀਆਂ ਸੰਗਤਾਂ ਨਾਲ ਧਾਰਨਾ ਰੂਪ ਵਿੱਚ ਪੜਿਆ--ਨਦੀਆ ਵਾਹ ਵਿਛੁਨਿਆ ਮੇਲਾ ਸੰਜੋਗੀ ਰਾਮ।।

ਸੰਤਾਂ ਮਹਾਂਪੁਰਖਾਂ ਨੇ ਥੋੜੇ ਜਿਹੇ ਸਿੰਘ ਆਪੁਣੇ ਨਾਲ ਰੱਖ ਕੇ ਬਾਕੀ ਸਾਰੇ ਸਿੰਘਾਂ ਨੂੰ ਸਤਿਕਾਰ ਯੋਗ ਬਾਬਾ ਠਾਕੁਰ ਸਿੰਘ ਜੀ ਨਾਲ ਵੱਡੀ ਬੱਸ ਸਮੇਤ ਮਹਿਤੇ ਜਾਣ ਦੀ ਆਗਿਆ ਕੀਤੀ,ਮਹਾਂਪੁਰਸ਼ ਆਪ ਵੀ ਉਸੇ ਦਿਨ 3 ਅਗਸਤ 1977 ਨੂੰ ਤਿੰਨ ਗੱਡੀਆ ਦੇ ਕਾਫਲੇ ਰਾਹੀ ਨਗਰ ਮਲਸੀਆਂ ਤੋ ਸੋਲਨ ਨੂੰ ਤੁਰੇ,ਸ੍ਰੀ ਚੇਲਾ ਰਾਮ ਜੀ ਸਿੰਧੀ ਪ੍ਰੇਮੀ ਪ੍ਰਵਾਰ ਵੱਲੋਂ ਭੇਜੀ ਕਾਰ ਵਿੱਚ,ਮਹਾਂਪੁਰਖ ਅਗਲੀ ਸੀਟ ਉਤੇ ਬੈਠ ਗਏ,ਅਤੇ ਪਿੱਛੇ ਭਾਈ ਗੁਰਮੁਖ ਸਿੰਘ ਗੜਬਈ,ਭਾਈ ਰਛਪਾਲ ਸਿੰਘ ਜੀ(ਪੀਏ) ਅਤੇ ਜਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨ ਪੁਰੀ ਸੰਤਾਂ ਦੇ ਨਾਲ ਪਿੱਛਲੀ ਸੀਟ ਤੇ ਬੈਠ ਗਏ,ਕਾਰ ਦੇ ਪਿੱਛੇ,ਜਥੇ ਦੇ ਰਾਗੀ ਸਿੰਘਾ ਵਾਲੀ ਸਾਡੀ ਜੀਪ ਸੀ,ਜਿਸ ਵਿੱਚ ਦਾਸ ਮੁਖਤਿਆਰ ਸਿੰਘ ਮੁਖੀ ਜੀਪ ਦੀ ਅਗਲੀ ਸੀਟ ਤੇ ਹਜ਼ੂਰੀ ਰਾਗੀ ਜਥੇ ਨਾਲ ਬੈਠਾ ਸੀ,ਅਤੇ ਜੀਪ ਦੇ ਪਿੱਛੇ ਜਥੇ ਦੀ ਮਿੰਨੀ ਬੱਸ ਵਿੱਚ ਜਥੇ ਦੇ ਸਿੰਘ ਸਨ,ਜਦੋਂ ਫਿਲੌਰ ਦੇ ਉਚੇ ਪੁਲ ਦੇ ਥਲੇ ਆਏ,ਉਸ ਸਮੇਂ ਮਹਾਂਪੁਰਸ਼ਾਂ ਨੇ,ਕਾਰ ਨੂੰ ਰੋਕ ਕੇ ਭਾਈ ਗੁਰਮੁਖ ਸਿੰਘ ਗੜਬਈ ਨੂੰ,ਆਪੁਣੇ ਵਾਲੀ ਸੀਟ ਤੇ ਮੂਹਰੇ ਬੈਠਾ ਦਿੱਤਾ ਅਤੇ ਆਪ ਕਾਰ ਦੇ ਪਿੱਛੇ,ਖੱਬੇ ਪਾਸੇ ਵਾਲੀ ਸੀਟ ਤੇ ਬੈਠ ਗਏ,ਦਿਨ ਦੇ 3 ਕੁ ਵਜੇ ਦਾ ਟਾਇਮ ਸੀ,ਥੋੜਾ ਜਿਹਾ ਮੀਹ ਦਾ ਮੌਸਮ ਸੀ ਅਤੇ ਨਿੱਕੀਆ ਨਿੱਕੀਆ ਕਣੀਆ ਪੈਂਦੀਆਂ ਸਨ,ਲਾਡੋਵਾਲ ਲੰਘ ਗਏ ਸੀ,ਕਾਰ ਵਾਲਾ ਡਰਾਇਵਰ ਮੂਹਰੇ ਜਾਂਦੀ ਗੱਡੀ ਨੂੰ ਜਦੋ ਪਾਸ ਕਰਨ ਲੱਗਾ ਤਾਂ ਲੁਧਿਆਣੇ ਵਾਲੀ ਸਾਇਡ ਤੋ ਇਕ ਹੋਰ ਗੱਡੀ ਅਗੇ ਆ ਗਈ,ਸੰਤਾਂ ਵਾਲੀ ਕਾਰ ਦੇ ਡਰਾਇਵਰ ਨੇ ਉਸ ਤੋ ਬਚਾਉਦਿਆਂ ਹੋਇਆ ਕਾਰ ਨੂੰ ਤੇਜ਼ ਕਰਕੇ,ਅੱਗੇ ਕਰਕੇ ਜਦੋਂ ਕਾਰ ਦੀ ਬਰੇਕ ਮਾਰੀ,ਤਾਂ ਕਾਰ ਵੇਕਾਬੂ ਹੋ ਗਈ,ਜੀਪ ਵਿੱਚ ਬੈਠੇ ਸਾਡੀਆਂ ਅੱਖਾਂ ਦੇ ਸਾਹਮਣੇ ਕਾਰ ਘੁੰਮਦੀ ਹੋਈ ਸੰਤਾਂ ਵਾਲੀ ਸਾਇਡ ਪੂਰੇ ਜੋਰ ਨਾਲ ਇੱਕ ਤਰਖਤ ਨਾਲ ਜਾ ਟਕਰਾਈ,ਮਹਾਪੁਰਸ਼ ਬਹੁਤ ਸਖ਼ਤ ਜਖਮੀ ਹੋ ਗਏ,ਅਤੇ ਸੰਤਾਂ ਨੂੰ ਬਹੁਤ ਗੰਭੀਰ ਸੱਟਾਂ ਲਗੀਆਂ,ਅਸੀ ਸਾਰੇ ਸਿੰਘ ਪਿੱਛੇ ਸੀ ਜਲਦੀ ਨਾਲ ਮਹਾਂਪੁਰਸ਼ਾਂ ਦੇ ਸਰੀਰ ਨੂੰ ਸਿੰਘਾਂ ਨੇ ਆਸਰਾ ਦੇਕੇ ਮਿੰਨੀ ਬੱਸ ਰਾਹੀ ਲੁਧਿਆਣੇ ਮਿਸ ਬਰਾਊਨ ਹਸਪਤਾਲ ਵਿੱਚ ਦਾਖਲ ਕਰਵਾਇਆ,ਇਹ ਖ਼ਬਰ ਰੇਡੀਓ ਅਤੇ ਪੇਪਰਾਂ ਰਾਹੀਂ ਸਾਰੇ ਪੰਜਾਬ ਵਿੱਚ ਜੰਗਲ਼ ਦੀ ਅੱਗ ਵਾਂਗ ਫੈਲ ਗਈ,ਹਰ ਗੁਰਸਿੱਖ ਦਾ ਹਿਰਦਾ ਵਲੂੰਧਰਿਆ ਗਿਆ,ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ,ਫਿਕਰਮੰਦ ਚਿਹਰੇ ਇਕ ਦੂਜੇ ਸਾਹਵੇਂ ਸਵਾਲੀਆ ਨਿਸ਼ਾਨ ਦਾ ਰੂਪ ਧਾਰੀ ਖੜ੍ਹੇ ਸਨ,ਮਹਾਂਪੁਰਖ ਤੇਰਾਂ ਦਿਨ ਹਸਪਤਾਲ ਰਹੇ,ਉਸ ਸਮੇਂ ਭਾਈ ਜਰਨੈਲ ਸਿੰਘ ਜੀ (ਬਾਅਦ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ) ਅੱਠੇ ਪਹਿਰ ਮਹਾਂਪੁਰਖਾਂ ਦੀ ਸੇਵਾ ਵਿੱਚ ਹਾਜ਼ਰ ਸਨ,ਲੁਧਿਆਣੇ ਹੀ ਗਰੇਵਾਲ਼ ਪ੍ਰਵਾਰ,ਸਰਦਾਰ ਮਨੋਹਰ ਸਿੰਘ ਜੀ,ਸਰਦਾਰ ਤੇਜਵੰਤ ਸਿੰਘ ਜੀ ਦੇ ਘਰ ਸੰਤਾ ਦੀ ਦੇਹ ਅਰੋਗਤਾ ਲਈ,ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ,ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਅਰੰਭ ਕੀਤੇ ਗਏ ਸਨ,ਦਮਦਮੀ ਟਕਸਾਲ ਦੇ ਸਾਰੇ ਵਿਦਿਆਰਥੀਆਂ ਵੱਲੋ ਅਤੇ ਸਿੱਖ ਸੰਗਤਾਂ ਵੱਲੋਂ ਵੀ ਸੰਤਾਂ ਦੀ ਦੇਹ ਅਰੋਗਤਾ ਲਈ ਗੁਰਬਾਣੀ ਦਾ ਜਾਪ ਜਾਰੀ ਸਨ,ਪਰ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੇ ਇਸ ਭਾਣੇ ਨੂੰ ਨਹੀਂ ਕੋਈ ਟਾਲ ਸਕਦਾ,ਉਹ ਭਾਣਾ ਵਰਤ ਗਿਆ,16 ਅਗਸਤ 1977 ਈ:ਨੂੰ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਆਤਮਾ ਦੀ ਜੋਤ,ਉਸ ਪ੍ਰੀਪੂਰਨ ਪਰਮਾਤਮਾ ਦੀ ਜੋਤ ਵਿੱਚ ਸਮਾ ਗਈ,,(ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।। ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।।) ਮਹਾਂਪੁਰਖਾਂ ਦੇ ਚਰਨਾਂ ਵਿੱਚ ਉਨ੍ਹਾਂ ਦੇ ਇਸ ਨਿਮਾਣੇ ਜੇ ਸੇਵਕ ਦੀ ਸਦਾ ਨਮਸਕਾਰ ਹੈ ਜੀ।

**ਗੁਰੂ ਪੰਥ ਦਾ ਦਾਸ**
**ਬਾਬਾ ਮੁਖ਼ਿਤਆਰ ਸਿੰਘ ਮੁਖੀ, ਟੋਡਰਵਾਲ**
**ਵਿਦਿਆਰਥੀ ਦਮਦਮੀ ਟਕਸਾਲ, ਯੂ. ਐਸ. ਏ.**

# ਲੈਂਡ ਪੂਲਿੰਗ ਨੀਤੀ ਰੱਦ ਦਾ ਨੋਟੀ.ਫਿਕੇਸ਼ਨ

ਪੰਜਾਬ ਸਰਕਾਰ ਗਜ਼ਟ ਅਸਧਾਰਨ ਪ੍ਰਕਾਸ਼ਨ ਅਥਾਰਟੀ ਚੰਡੀਗੜ੍ਹ,

(1) ਉਪਰੋਕਤ ( ਲੈਂਡ ਪੂਲਿੰਗ ਨੀਤੀ ) ਨੀਤੀ ਦੀ ਸੂਚਨਾ ਤੋਂ ਬਾਅਦ ਕੀਤੀਆਂ ਗਈਆਂ ਸਾਰੀਆਂ ਕਾਰਵਾਈਆਂ, ਜਿਸ ਵਿੱਚ ਖਸਰਾ ਨੰਬਰਾਂ ਨੂੰ ਸੂਚਿਤ ਕਰਨਾ, ਇਤਰਾਜ਼/ਸਹਿਮਤੀ ਮੰਗਣਾ ਆਦਿ ਸ਼ਾਮਲ ਹਨ, ਤੁਰੰਤ ਪ੍ਰਭਾਵ ਨਾਲ ਰੱਦ ਕੀਤੀਆਂ ਜਾਂਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

(2) ਜ਼ਮੀਨ ਮਾਲਕਾਂ/ਕਿਸਾਨਾਂ ਨੂੰ ਲੈਂਡ ਪੂਲਿੰਗ ਨੀਤੀ 2025 ਦੇ ਅਨੁਸਾਰ ਅਤੇ ਸਿੱਧੀ ਖਰੀਦ ਰਾਹੀਂ ਜ਼ਮੀਨ ਪ੍ਰਾਪਤ ਕਰਨ ਲਈ ਵਿਧੀ ਵਿੱਚ ਦਰਸਾਏ ਗਏ ਉਚਿਤ ਪ੍ਰਕਿਰਿਆ ਦੀ ਪਾਲਣਾ ਕਰਦੇ ਹੋਏ ਖਰੀਦੀ ਗਈ ਜ਼ਮੀਨ ਦੇ ਬਦਲੇ ਜਾਰੀ ਕੀਤਾ ਗਿਆ ਇਰਾਦਾ ਪੱਤਰ (LOI) ਇਸ ਦੁਆਰਾ ਰੱਦ ਕੀਤਾ ਜਾਂਦਾ ਹੈ।

(3) ਸਿੱਧੀ ਖਰੀਦ ਰਾਹੀਂ ਜ਼ਮੀਨ ਪ੍ਰਾਪਤ ਕਰਨ ਲਈ ਵਿਧੀ ਰਾਹੀਂ ਖਰੀਦੇ ਗਏ ਸਾਰੇ ਖਸਰਾ ਨੰਬਰ ਅਤੇ ਵਿਭਾਗ/ਅਥਾਰਟੀ ਦੇ ਹੱਕ ਵਿੱਚ ਕੀਤੇ ਗਏ ਰਜਿਸਟ੍ਰੇਸ਼ਨ ਸਬੰਧਤ ਜ਼ਮੀਨ ਮਾਲਕਾਂ ਦੇ ਨਾਮ 'ਤੇ ਵਾਪਸ ਟ੍ਰਾਂਸਫਰ ਕੀਤੇ ਜਾਣੇ ਹਨ।

(4) ਉਪਰੋਕਤ ਨੀਤੀਆਂ ਦੇ ਤਹਿਤ ਖਰੀਦੀ ਗਈ ਜ਼ਮੀਨ ਨੂੰ ਜ਼ਮੀਨ ਮਾਲਕਾਂ/ਕਿਸਾਨਾਂ ਨੂੰ ਵਾਪਸ ਟ੍ਰਾਂਸਫਰ ਕਰਨ ਲਈ ਕੋਈ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਚਾਰਜ ਆਦਿ ਨਹੀਂ ਲਏ ਜਾਣਗੇ।

ਇਹ ਨੋਟੀਫਿਕੇਸ਼ਨ 14.08.2025 ਨੂੰ ਹੋਈ ਮੀਟਿੰਗ ਵਿੱਚ ਮੰਤਰੀ ਪ੍ਰੀਸ਼ਦ ਦੁਆਰਾ ਦਿੱਤੀ ਗਈ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜਿਵੇਂ ਕਿ ਆਮ ਪ੍ਰਸ਼ਾਸਨ ਵਿਭਾਗ (ਕੈਬਿਨੇਟ ਮਾਮਲੇ ਸ਼ਾਖਾ) ਦੁਆਰਾ ਪੱਤਰ ਨੰਬਰ: 1/126/2025-1Cab/5128 ਅਤੇ ਮਿਤੀ 14.08.2025 ਰਾਹੀਂ ਸੂਚਿਤ ਕੀਤਾ ਗਿਆ ਹੈ।

ਸੰਪਾਦਿਤ/- ਵਿਕਾਸ ਗਰਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਚੰਡੀਗੜ੍ਹ 14 ਅਗਸਤ, 2025

3480/8-2025/ਪੰਜਾਬ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (5143)



Punjab Government Gazette
EXTRAORDINARY
Published by Authority

CHANDIGARH, THURSDAY, AUGUST 14, 2025 (SRAVANA 23, 1947 SAKA)

GOVERNMENT OF PUNJAB
DEPARTMENT OF HOUSING AND URBAN DEVELOPMENT
(HOUSING-I BRANCH)
NOTIFICATION
The 14th August, 2025

No. H-U-H1/38/2025-6H1/1042.—The Governor of Punjab is pleased to withdraw mechanism for acquisition of land through direct purchase notified with letter bearing no.H-U-H1/38/2025-6H1/I/1099011/2025 and date 14.05.2025 and land pooling policy 2025 of the Department notified with letter bearing no. H-U-H1/45/2025-6H1/759 and date 04.06.2025 on following terms and conditions:-

(A) All the proceedings done subsequent to the notification of the above policy including notifying khasra numbers, seeking objections/consent etc. are hereby quashed with immediate effect.

(B) Letter of Intent (LOI) issued to the land owners/farmers in accordance with the land pooling policy 2025 and in lieu of the land purchased following the due procedure outlined in the mechanism for acquisition of land through direct purchase are hereby cancelled.

(C) All the Khasra numbers purchased through mechanism for acquisition of land through direct purchase and registrations done there under in favour of the Department/Authority are to be transferred back on the name of the concerned land owners.

(D) No Stamp Duty, Registration charges etc. shall be levied for the transfer of purchased land back to the Land owners/farmers under the above said Policies.

This issues with the approval accorded by the Council of Ministers in the meeting held on 14.08.2025 as conveyed by the Department of General Administration (Cabinet Affairs branch) vide letter bearing number :1/126/2025-1Cab/5128 and date 14.08.2025.

Sd/-
VIKAS GARG
Principal Secretary, Govt. of Punjab
Department of Housing and Urban Development

Chandigarh
The 14th August, 2025

3480/8-2025/Pb. Govt. Press, S.A.S. Nagar

( 5143 )

**ਦੇਸ਼ ਦੇ ਆਜ਼ਾਦੀ ਸੰਘਰਸ਼ ਦੌਰਾਨ ਪੰਜਾਬੀਆਂ ਨੇ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ: ਸੰਜੀਵ ਅਰੋੜਾ**

# ਪੁਲੀਸ ਲਾਈਨ ਸੰਗਰੂਰ ਵਿਖੇ ਮਨਾਇਆ ਗਿਆ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ





**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਵੱਖ-ਵੱਖ ਲਹਿਰਾਂ ਅਤੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸ. ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ ਅਤੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਸੰਘਰਸ਼ਾਂ ਸਦਕਾ ਹੀ ਅੱਜ ਅਸੀਂ ਆਜ਼ਾਦ ਮੁਲਕ ਦੇ ਵਾਸੀ ਹਾਂ। ਸਾਨੂੰ ਮਾਣ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਦੌਰਾਨ ਪੰਜਾਬੀਆਂ ਨੇ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ ਹਨ।

## ਵੱਖੋ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਅੱਜ ਇਥੇ ਪੁਲੀਸ ਲਾਈਨ ਸਟੇਡੀਅਮ ਵਿਖੇ ਕਰਵਾਏ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਸੂਬੇ ਦੇ ਲੋਕਾਂ ਵੱਲੋਂ ਦਿੱਤੇ ਅਥਾਹ ਪਿਆਰ ਸਕਦਾ ਮੁੱਖ ਮੰਤਰੀ ਬਣੇ ਸ. ਭਗਵੰਤ ਸਿੰਘ ਮਾਨ ਨੇ ਜਿੱਥੇ ਆਪਣੇ ਅਹੁਦੇ ਦੀ ਸਹੁੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਚੁੱਕੀ, ਉੱਥੇ ਹੀ ਇਹ ਫੈਸਲਾ ਕੀਤਾ ਕਿ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀਆਂ ਤਸਵੀਰਾਂ ਲਾਈਆਂ ਜਾਣ। ਮੋਹਾਲੀ ਕੌਮਾਂਤਰੀ ਏਅਰਪੋਰਟ ਦਾ ਨਾਮ ਵੀ ਸ਼ਹੀਦ ਭਗਤ ਸਿੰਘ ਦੇ ਨਾਮ ਉੱਤੇ ਰੱਖਿਆ ਗਿਆ ਅਤੇ ਉੱਥੇ ਸ਼ਹੀਦ ਭਗਤ ਸਿੰਘ ਦਾ ਬੁੱਤ ਵੀ ਲਾਇਆ ਗਿਆ ਹੈ।

ਆਮ ਆਦਮੀ ਕਲੀਨਿਕਾਂ ਦਾ ਵਿਸਥਾਰ, ਨਵੀਆਂ ਐਂਬੂਲੈਂਸਾਂ, ਮੁਫਤ ਬਿਜਲੀ, ਈਜ਼ੀ ਰਜਿਸਟਰੀ, ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੇ ਸਾਰੇ ਪਿੰਡਾਂ ਦੇ ਛੱਪੜਾਂ ਤੇ ਟੋਭਿਆਂ ਦੀ ਸਫਾਈ, ਟੇਲਾਂ ਤੱਕ ਪਾਣੀ ਪੁੱਜਦਾ ਕਰਨਾ, ਯੁੱਧ ਨਸ਼ਿਆਂ ਵਿਰੁੱਧ, ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ, ਪੇਂਡੂ ਖੇਡ ਮੈਦਾਨਾਂ ਦੀ ਉਸਾਰੀ, ਖਿਡਾਰੀਆਂ ਨੂੰ ਨੌਕਰੀ ਤੇ ਵੱਡੇ ਖੇਡ ਮੁਕਾਬਲਿਆਂ ਤੋਂ ਪਹਿਲਾਂ ਤਿਆਰੀ ਭੱਤੇ ਦੇਣੇ, ਸਾਰਿਆਂ ਲਈ 10 ਲੱਖ ਦਾ ਸਿਹਤ ਬੀਮਾ ਅਤੇ ਸਨਅਤਾਂ ਦੇ ਵਿਕਾਸ ਲਈ ਉਦਯੋਗਪਤੀਆਂ ਦੀਆਂ ਕਮੇਟੀਆਂ ਦਾ ਗਠਨ-ਅਜਿਹੇ ਫੈਸਲੇ ਹਨ, ਜਿਸ ਨਾਲ ਪੰਜਾਬ ਤਰੱਕੀ ਦੀਆਂ ਨਵੀਆਂ ਇਬਾਰਤਾਂ ਲਿਖਣ ਵੱਲ ਕਦਮ ਵਧਾ ਰਿਹਾ ਹੈ।

ਇਸ ਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 350ਵਾਂ ਸ਼ਹੀਦੀ ਦਿਵਸ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। 19 ਨਵੰਬਰ ਤੋਂ ਲੈ ਕੇ 25 ਨਵੰਬਰ ਤੱਕ ਰਾਜ ਪੱਧਰੀ ਸਮਾਗਮ ਕਰਵਾਏ ਜਾ ਰਹੇ ਹਨ। ਜੰਗਲਾਤ ਵਿਭਾਗ ਦੀ ਪਹਿਲਕਦਮੀ ਤਹਿਤ 'ਸ੍ਰੀ ਗੁਰੂ ਤੇਗ਼ ਬਹਾਦਰ ਜੀ ਹਰਿਆਵਲ ਸੰਕਲਪ' ਤਹਿਤ 2025-26 ਦੌਰਾਨ ਹਰੇਕ ਜ਼ਿਲ੍ਹੇ ਵਿੱਚ 3.50 ਲੱਖ ਬੂਟੇ ਲਗਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ 'ਸ੍ਰੀ ਗੁਰੂ ਤੇਗ ਬਹਾਦਰ ਪਵਿੱਤਰ ਵਣ' ਯੋਜਨਾ ਦੇ ਹਿੱਸੇ ਵਜੋਂ 52 'ਪਵਿੱਤਰ ਵਣ' ਸਥਾਪਤ ਕੀਤੇ ਜਾਣਗੇ।

ਪੰਜਾਬ ਸਰਕਾਰ ਵੱਲੋਂ ਝੋਨੇ ਦੇ ਮੌਜੂਦਾ ਸੀਜ਼ਨ ਦੌਰਾਨ ਖੇਤੀਬਾੜੀ ਨੂੰ 08 ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਗਈ ਹੈ। ਪੰਜਾਬ ਨੇ ਨੈਸ਼ਨਲ ਐਚੀਵਮੈਂਟ ਸਰਵੇ (ਐਨ.ਏ.ਐਸ.) 2024 ਵਿੱਚ ਸਭ ਤੋਂ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਕੇਰਲਾ ਵਰਗੇ ਸੂਬੇ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ 'ਸਕੂਲ ਆਫ਼ ਐਮੀਨੈਂਸ' ਵਿੱਚ ਤਬਦੀਲ ਕੀਤਾ ਜਾ ਰਿਹਾ ਹੈ।

"ਯੁੱਧ ਨਸ਼ਿਆ ਵਿਰੁੱਧ" ਮੁਹਿੰਮ ਦੇ ਤੀਜੇ ਪੜਾਅ ਦੇ ਹਿੱਸੇ ਵਜੋਂ ਸਾਰੇ ਸਰਕਾਰੀ ਸਕੂਲਾਂ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਨਿਵੇਕਲਾ ਨਸ਼ਾ ਰੋਕਥਾਮ ਪਾਠਕ੍ਰਮ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਤਕਰੀਬਨ 08 ਲੱਖ ਵਿਦਿਆਰਥੀਆਂ ਨੂੰ ਨਸ਼ੀਲੇ ਪਦਾਰਥਾਂ ਦੇ ਬੁਰੇ ਪ੍ਰਭਾਵ ਅਤੇ ਨਸ਼ਿਆਂ ਤੋਂ ਬਚਣ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਪੰਜਾਬ ਸਰਕਾਰ ਨੇ 115 ਸਰਕਾਰੀ ਸਕੂਲਾਂ ਦਾ ਨਾਮ ਆਜ਼ਾਦੀ ਘੁਲਾਟੀਆਂ, ਸ਼ਹੀਦਾਂ ਅਤੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਦੇ ਨਾਮ 'ਤੇ ਰੱਖਿਆ ਹੈ।

ਪੰਜਾਬ ਸਰਕਾਰ ਨੇ ਬਿਜ਼ਨਸ ਬਲਾਸਟ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਤਹਿਤ ਗਿਆਰ੍ਹਵੀਂ-ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉੱਦਮੀ ਬਣਾਉਣ ਤੇ ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਅਤੇ ਵਿਦਿਆਰਥੀਆਂ ਨੂੰ 10.32 ਕਰੋੜ ਰੁਪਏ ਦੀ ਸੀਡ ਮਨੀ ਦਿੱਤੀ ਗਈ। ਸੂਬੇ ਵਿੱਚ ਪਹਿਲੀ ਵਾਰ ਰੋਪੜ ਵਿਖੇ ਬਿਜ਼ਨਸ ਬਲਾਸਟ ਐਕਸਪੋ ਕਰਵਾਈ ਗਈ।

ਸਰਕਾਰ ਵੱਲੋਂ ਕਿੱਤਾਮੁਖੀ ਸਿਖਲਾਈ ਦੀ ਮੰਗ ਨੂੰ ਦੇਖਦਿਆਂ ਆਈ.ਟੀ.ਆਈਜ਼. ਵਿੱਚ ਸੀਟਾਂ ਦੀ ਗਿਣਤੀ 52,000 ਕਰ ਦਿੱਤੀ ਗਈ ਹੈ, ਜੋ ਕਿ ਪਹਿਲਾਂ 35,000 ਸੀ।

ਪੰਜਾਬ ਸਰਕਾਰ ਨੇ ਪੰਜਾਬ ਨੂੰ ਉਦਯੋਗਿਕ ਖੇਤਰ ਵਿੱਚ ਉੱਨਤ ਰਾਜ ਬਣਾਉਣ ਲਈ ਨਿਵੇਕਲੀ ਪਹਿਲ ਕੀਤੀ ਹੈ। 24 ਸੈਕਟਰਲ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਉਦਯੋਗਿਕ ਨੀਤੀ ਵਿਚ ਹੋਰ ਸੁਧਾਰ ਕੀਤਾ ਜਾ ਸਕੇ। ਇਹ ਸੈਕਟਰਲ ਕਮੇਟੀਆਂ ਉਦਯੋਗਾਂ ਦੇ ਮਾਹਿਰ ਲੋਕਾਂ ਦੀਆਂ ਬਣਾਈਆਂ ਗਈਆਂ ਹਨ, ਜੋ ਖੁਦ ਨੀਤੀਆਂ ਬਣਾ ਕੇ ਸਰਕਾਰ ਅੱਗੇ ਪੇਸ਼ ਕਰਨਗੇ।

ਉਦਯੋਗਾਂ ਲਈ ਓ.ਟੀ.ਐਸ. ਸਕੀਮ ਵੀ ਲਾਗੂ ਕਰ ਦਿੱਤੀ ਗਈ ਹੈ ਜਿਸ ਦੇ ਨਾਲ ਦਹਾਕਿਆਂ ਤੋਂ ਚੱਲੇ ਆ ਰਹੇ ਸਨਅਤਕਾਰਾਂ ਦੇ ਮੁੱਦਿਆਂ ਦਾ ਹੱਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਨਅਤੀ ਪਲਾਟਾਂ/ਸ਼ੈੱਡਾਂ ਦੇ ਲੀਜ਼ਹੋਲਡ ਨੂੰ ਫ੍ਰੀਹੋਲਡ ਵਿੱਚ ਬਦਲਣ ਵਾਲੀ ਨੀਤੀ ਨੂੰ ਵੀ ਲਾਗੂ ਕਰ ਦਿੱਤਾ ਗਿਆ ਹੈ।

ਇਨਵੈਸਟ ਪੰਜਾਬ ਨੇ ਆਨਲਾਈਨ ਪੋਰਟਲ ਦੀ ਸਥਾਪਨਾ ਕੀਤੀ ਹੈ, ਜਿਸ ਦੇ ਤਹਿਤ ਪੰਜਾਬ ਵਿੱਚ ਕੋਈ ਵੀ ਉਦਯੋਗ ਲਗਾਉਣ ਲਈ 45 ਦਿਨਾਂ ਦੇ ਅੰਦਰ ਅੰਦਰ ਹਰ ਪ੍ਰਕਾਰ ਦੀ ਕਲੀਅਰੈਂਸ ਦੇ ਦਿੱਤੀ ਜਾਵੇਗੀ।

ਪੰਜਾਬ ਨੇ ਨਵੇਂ ਕੀਰਤੀਮਾਨ ਸਥਾਪਤ ਕਰਦਿਆਂ ਵਿੱਤੀ ਸਾਲ 2025-26 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਜੀ.ਐਸ.ਟੀ ਮਾਲੀਏ ਵਿੱਚ ਨੈੱਟ 28.26 ਫੀਸਦੀ ਦਾ ਵਾਧਾ ਰਿਕਾਰਡ ਵਾਧਾ ਦਰਜ ਕੀਤਾ ਹੈ। ਮੌਜੂਦਾ ਵਿੱਤੀ ਸਾਲ ਦੇ ਜੁਲਾਈ ਮਹੀਨੇ ਤੱਕ ਨੈੱਟ ਜੀਐਸਟੀ ਮਾਲੀਆ 9188 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ, ਜੋ ਵਿੱਤੀ ਸਾਲ 2024-25 ਦੀ ਇਸੇ ਮਿਆਦ ਦੇ ਮੁਕਾਬਲੇ 2025 ਕਰੋੜ ਰੁਪਏ ਤੋਂ ਵੱਧ ਹੈ। ਇਹ ਸ਼ਾਨਦਾਰ ਕਾਰਗੁਜ਼ਾਰੀ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਟੈਕਸ ਮਾਲੀਏ ਵਿੱਚ ਸਾਲ-ਦਰ-ਸਾਲ ਅਤੇ ਮਹੀਨਾ-ਦਰ-ਮਹੀਨਾ ਰਿਕਾਰਡ-ਤੋੜ ਵਾਧਾ ਦਰਜ ਕਰਨ ਦੇ ਸੂਬੇ ਦੇ ਨਿਰੰਤਰ ਰੁਝਾਨ ਦਾ ਹਿੱਸਾ ਹੈ।

ਚੌਕਸ ਖਪਤਕਾਰਾਂ ਨੂੰ ਇਨਾਮ ਦੇਣ ਦੇ ਨਾਲ-ਨਾਲ ਸੂਬੇ ਦੇ ਕਰ ਲਾਗੂਕਰਨ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਸ਼ੁਰੂ ਕੀਤੀ ਗਈ 'ਬਿੱਲ ਲਿਆਓ, ਇਨਾਮ ਪਾਓ' ਪਹਿਲਕਦਮੀ ਨੇ ਲੋਕਾਂ ਦੀ ਭਰਪੂਰ ਸ਼ਮੂਲੀਅਤ ਦੀ ਗਵਾਹੀ ਭਰੀ ਜਿਸ ਤਹਿਤ ਜੁਲਾਈ 2025 ਤੱਕ 'ਮੇਰਾ ਬਿੱਲ ਐਪ' 'ਤੇ ਕੁੱਲ 1,76,832 ਬਿੱਲ ਅਪਲੋਡ ਕੀਤੇ ਗਏ। ਇਸ ਦੇ ਨਤੀਜੇ ਵਜੋਂ 5,644 ਜੇਤੂਆਂ ਨੇ 3 ਕਰੋੜ 35 ਲੱਖ ਰੁਪਏ ਤੋਂ ਵੱਧ ਦੇ ਇਨਾਮ ਜਿੱਤੇ ਅਤੇ ਬਿੱਲ ਜਾਰੀ ਕਰਨ ਵਿੱਚ ਬੇਨਿਯਮੀਆਂ ਦੇ ਦੋਸ਼ੀ ਪਾਏ ਗਏ ਅਦਾਰਿਆਂ ਵਿਰੁੱਧ 9 ਕਰੋੜ ਰੁਪਏ ਤੋਂ ਵੱਧ ਦੇ ਜੁਰਮਾਨੇ ਲਗਾਏ ਗਏ।

ਕਿਰਤ ਕਾਨੂੰਨਾਂ ਨੂੰ ਵੀ ਪੰਜਾਬ ਸਰਕਾਰ ਨੇ ਕਿਰਤੀਆਂ ਪੱਖੀਂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ 1.55 ਲੱਖ ਉਸਾਰੀ ਕਾਮਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਵਰ ਕੀਤਾ ਗਿਆ ਹੈ।

ਆਗਾਮੀ ਝੋਨੇ ਦੇ ਖ਼ਰੀਦ ਸੀਜ਼ਨ ਦੇ ਮੱਦੇਨਜ਼ਰ 15 ਸਤੰਬਰ ਤੱਕ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ। 190 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਲਈ ਜੰਗੀ ਪੱਧਰ 'ਤੇ ਤਿਆਰੀਆਂ ਜ਼ੋਰਾਂ ਨਾਲ ਜਾਰੀ ਹਨ।

ਇਹ ਪਹਿਲੀ ਵਾਰ ਹੋਇਆ ਹੈ ਕਿ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਹੰਭਲਾ ਮਾਰਿਆ ਗਿਆ ਹੈ। ਕੈਨਾਲ ਅਤੇ ਵਾਟਰ ਕੋਰਸ ਦੇ ਕੰਮਾਂ 'ਤੇ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ 2 ਗੁਣਾਂ ਤੋਂ ਵੱਧ ਯਾਨੀ ਕਿ 4557 ਕਰੋੜ ਰੁਪਏ ਖਰਚੇ ਹਨ, ਜਦ ਕਿ 2019 ਤੋਂ 2022 ਤੱਕ ਸਿਰਫ਼ 2046 ਕਰੋੜ ਰੁਪਏ ਖਰਚ ਹੋਏ ਸਨ।

ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਸੈਂਟਰਾਂ ਨੂੰ ਮਜ਼ਬੂਤ ਕਰਨ ਲਈ 5000 ਖਾਲੀ ਅਸਾਮੀਆਂ (ਵਰਕਰਾਂ ਅਤੇ ਹੈਲਪਰਾਂ) ਨੂੰ ਭਰਨ ਦੀ ਪ੍ਰਕਿਰਿਆ ਸਤੰਬਰ ਮਹੀਨੇ ਵਿੱਚ ਸ਼ੁਰੂ ਕੀਤੀ ਜਾਵੇਗੀ।

ਜ਼ਿਲ੍ਹਾ ਸੰਗਰੂਰ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੁਣ ਤਕ ਕਰੀਬ 4917 ਵੱਖੋ-ਵੱਖ ਵਿਕਾਸ ਕਾਰਜਾਂ ਲਈ ਕਰੀਬ 2287 ਕਰੋੜ 31 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਨਾਲ ਜ਼ਿਲ੍ਹੇ ਵਿਚਲੇ ਵੱਡੀ ਗਿਣਤੀ ਵਿਕਾਸ ਕਾਰਜ ਮੁਕੰਮਲ ਹੋਏ ਹਨ ਤੇ ਵੱਡੀ ਗਿਣਤੀ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ।

ਇਸ ਮੌਕੇ ਜਿੱਥੇ ਕੈਬਨਿਟ ਮੰਤਰੀ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ, ਉੱਥੇ ਲੋੜਵੰਦ ਲੋਕਾਂ ਨੂੰ ਸਿਲਾਈ ਮਸ਼ੀਨਾਂ ਤੇ ਟਰਾਈਸਾਈਕਲਾਂ ਦੀ ਵੰਡ ਕਰਨ ਦੇ ਨਾਲ ਨਾਲ ਵੱਖ ਵੱਖ ਖੇਤਰਾਂ ਵਿੱਚ ਵਿਲੱਖਣ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਉਚੇਚੇ ਤੌਰ ਉੱਤੇ ਅਜ਼ਾਦੀ ਘੁਲਾਟੀਆਂ ਅਤੇ ਉਹਨਾਂ ਦੇ ਵਾਰਸਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਦੌਰਾਨ ਪੰਜਾਬ ਪੁਲੀਸ, ਪੰਜਾਬ ਹੋਮ ਗਾਰਡਜ਼ ਅਤੇ ਵੱਖੋ ਵੱਖ ਸਕੂਲਾਂ ਦੇ ਐਨ.ਸੀ.ਸੀ. ਕੈਡਿਟਸ ਦੀਆਂ ਟੁਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਅਰੋੜਾ ਨੇ ਲਾਇੰਜ਼ ਕਲੱਬ ਵੱਲੋਂ ਲਗਾਏ ਖ਼ੂਨਦਾਨ ਕੈਂਪ ਵਿੱਚ ਵੀ ਸ਼ਿਰਕਤ ਕੀਤੀ ਤੇ ਖ਼ੂਨ ਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਇਸ ਮੌਕੇ ਡੀ.ਜੀ.ਪੀ., ਡਾ. ਨਰੇਸ਼ ਕੁਮਾਰ ਅਰੋੜਾ, ਹਲਕਾ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਡਵੀਜ਼ਨਲ ਕਮਿਸ਼ਨਰ ਸ਼੍ਰੀ ਵਿਨੈ ਬੁਬਲਾਨੀ, ਪੰਜਾਬ ਲਘੂ ਉਦਯੋਗ ਅਤੇ ਐਕਸਪੋਰਟ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਅਸ਼ੋਕ ਕੁਮਾਰ ਸਿੰਗਲਾ, ਗੁਰਮੇਲ ਸਿੰਘ ਘਰਾਚੋਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੰਗਰੂਰ, ਜਸਬੀਰ ਸਿੰਘ ਕੁਦਨੀ ਚੇਅਰਮੈਨ, ਜ਼ਿਲ੍ਹਾ ਪੁਲੀਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀ ਅਮਿਤ ਬੈਂਬੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਖਚੈਨ ਸਿੰਘ, ਪਰਮਜੀਤ ਸਿੰਘ ਕਾਂਝਲਾ, ਰਣਜੋਧ ਸਿੰਘ ਕਾਂਝਲਾ, ਦਰਸਨ ਸਿੰਘ ਪਾਠਕ, ਨਪਿੰਦਰ ਕਾਂਝਲਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਅਤੇ ਵੱਡੀ ਗਿਣਤੀ ਸ਼ਹਿਰ ਵਾਸੀ ਹਾਜ਼ਰ ਸਨ।

# ਸੈਕੰਡਰੀ ਸਕੂਲ ਗਹਿਰੀ ਦੇਵੀ ਨਗਰ ਅਤੇ ਮੈਰੀਟੋਰੀਅਸ ਸਕੂਲ ਬਠਿੰਡਾ ਵਿਚਾਲੇ ਕਬੱਡੀ ਮੈਚ ਖੇਡੇ ਗਏ



ਤਲਵੰਡੀ ਸਾਬੋ, 16 ਅਗਸਤ (ਗੁਰਜੰਟ ਸਿੰਘ ਨਥੇਹਾ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਹਿਰੀ ਦੇਵੀ ਨਗਰ (ਬਠਿੰਡਾ) ਦੇ ਪ੍ਰਿੰਸੀਪਲ ਸ਼੍ਰੀਮਤੀ ਲਵਲੀਨ ਕੌਰ ਦੀ ਅਗਵਾਈ ਵਿੱਚ ਸਕੂਲ ਵਿੱਚ ਇਸ ਸਮੇਂ ਕਬੱਡੀ ਦੀਆਂ ਸਾਰੀਆਂ ਹੀ ਟੀਮਾਂ ਦੇ ਕੈਂਪ ਲੱਗੇ ਹੋਏ ਹਨ। ਜਿੱਥੇ ਕਿ ਸਰਕਾਰੀ ਹਾਈ ਸਕੂਲ ਭਾਗੂ ਤੇ ਗਹਿਰੀ ਦੇਵੀ ਨਗਰ ਸਕੂਲ ਦੇ ਖਿਡਾਰੀਆਂ ਦੀ ਜਿਲੇ ਦੀ ਤਿਆਰੀ ਸਰਦਾਰ ਰਘਵੀਰ ਸਿੰਘ ਭੀਖੀ ਫਤਿਹ ਸ੍ਰੀ ਮੋਤੀ ਰਾਮ ਦੇ ਸਹਿਯੋਗ ਨਾਲ ਲਗਾਤਾਰ ਚੱਲ ਰਹੀ ਹੈ। ਅੱਜ ਮੈਰੀਟੋਰੀਅਸ ਸਕੂਲ ਬਠਿੰਡਾ ਦੀਆਂ ਵਿਦਿਆਰਥਣਾਂ ਅਤੇ ਗਹਿਰੀ ਦੇਵੀ ਨਗਰ ਸਕੂਲ ਦੀਆਂ ਟੀਮਾਂ ਦੇ ਕਬੱਡੀ ਦੇ ਮੈਚ ਕਰਵਾਏ ਗਏ। ਇਸ ਸਮੇਂ ਲੈਕਚਰਾਰ ਸ਼੍ਰੀਮਤੀ ਸੁਖਮਿੰਦਰ ਕੌਰ ਅਤੇ ਸ਼੍ਰੀਮਤੀ ਹਰਚਰਨਜੀਤ ਕੌਰ ਦੇ ਵਿਸ਼ੇਸ਼ ਸੱਦੇ ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਪਿੰਡ ਦੇ ਐਨ ਆਰ ਆਈ ਸ਼੍ਰੀਮਤੀ ਮਨਪ੍ਰੀਤ ਕੌਰ ਮਿਨੀ ਅਤੇ ਉਨਾਂ ਦੇ ਪਰਿਵਾਰਿਕ ਮੈਂਬਰਾਂ ਨੇ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਸ਼ੁਰੂਆਤ ਵਿੱਚ ਸਾਰੇ ਮਹਿਮਾਨਾਂ ਨੂੰ ਜੀ ਆਇਆ ਸਕੂਲ ਅਧਿਆਪਕ ਸ੍ਰੀ ਮੋਤੀ ਰਾਮ ਦੁਆਰਾ ਕਿਹਾ ਗਿਆ । ਸ਼੍ਰੀਮਤੀ ਮਨਪ੍ਰੀਤ ਕੌਰ ਮਿਨੀ ਨੇ ਸਾਰੇ ਮੈਚਾਂ ਸਮੇਤ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ ਅਤੇ ਬੜੀ ਖ਼ੁਸ਼ੀ ਨਾਲ ਸਾਰੇ ਹੀ ਮੈਚਾਂ ਦਾ ਆਨੰਦ ਮਾਣਿਆ। ਅਖੀਰ ਵਿੱਚ ਮੁੱਖ ਮਹਿਮਾਨ ਸ੍ਰੀ ਸ੍ਰੀਮਤੀ ਮਨਪ੍ਰੀਤ ਕੌਰ ਮਿੰਨੀ ਨੇ ਖਿਡਾਰੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਲੜਕੀਆਂ ਨੂੰ ਵੀ ਖੇਡਾਂ ਵਿੱਚ ਭਾਗ ਲੈਣ ਦੇ ਨਾਲ ਨਾਲ ਸਾਰੇ ਹੀ ਖੇਤਰਾਂ ਵਿੱਚ ਵੱਧ ਚੜ ਕੇ ਭਾਗ ਲੈਣਾ ਚਾਹੀਦਾ ਹੈ। ਕਿਉਂਕਿ ਲੜਕੀਆਂ ਵੀ ਹਰ ਖੇਤਰ ਵਿੱਚ ਭਾਗ ਲੈ ਕੇ ਸਾਡੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਇਸ ਸਮੇਂ ਉਨਾਂ ਨੇ ਲੜਕੀਆਂ ਦੀ ਕਬੱਡੀ ਦੀ ਟੀਮ ਲਈ ਵਰਦੀਆਂ ਵਾਸਤੇ 15000 ਰੁਪਏ ਵੀ ਦਿੱਤੇ। ਅਖੀਰ ਵਿੱਚ ਸਾਰੇ ਮਹਿਮਾਨਾਂ ਦਾ ਧੰਨਵਾਦ ਸਰਦਾਰ ਰਘਵੀਰ ਸਿੰਘ ਭੀਖੀ ਦੁਆਰਾ ਕੀਤਾ ਗਿਆ। ਇਹ ਮੈਚ ਖਿਡਾਰੀਆਂ ਵਿੱਚ ਉਤਸਾਹ ਭਰ ਗਏ ਹਨ। ਇਸ ਸਮੇਂ ਸਕੂਲ ਪ੍ਰਿੰਸੀਪਲ ਸ੍ਰੀਮਤੀ ਲਵਲੀਨ ਕੌਰ ਨੇ ਸ਼੍ਰੀਮਤੀ ਮਨਪ੍ਰੀਤ ਕੌਰ ਮਿੰਨੀ ਦੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਹਨਾਂ ਮੈਚਾਂ ਦੇ ਦੌਰਾਨ ਪਿੰਡ ਦੇ ਸਮਾਜ ਸੇਵੀ ਸਰਦਾਰ ਅਜੈਬ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਅਜ਼ਾਦੀ ਦਿਹਾੜੇ ਤੇ ਸਮਾਜ ਸੇਵੀ ਬੇਅੰਤ ਕੌਰ ਲੱਡਾ ਦਾ ਕੀਤਾ ਗਿਆ ਸਨਮਾਨ

## ਸਮਾਜ ਵਿਚ ਚੰਗਾ ਕਰਨ ਵਾਲਿਆਂ ਨੂੰ ਸਨਮਾਨ ਕਰਕੇ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਹਾਂ-ਚੇਅਰਮੈਨ ਘੁੱਲੀ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫਤਰ ਇੰਚਾਰਜ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਵੱਲੋਂ ਪ੍ਰਸ਼ਾਸਨ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਪਿਛਲੇ ਲੰਬੇ ਸਮੇਂ ਤੋਂ ਸਮਾਜ ਸੇਵਾ ਦੇ ਵਿੱਚ ਆਪਣਾ ਯੋਗਦਾਨ ਪਾ ਰਹੀ ਮੈਡਮ ਬੇਅੰਤ ਕੌਰ ਲੱਡਾ ਦਾ ਆਜ਼ਦੀ ਦੇ ਦਿਹਾੜੇ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਚੇਅਰਮੈਨ ਘੁੱਲੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਵੱਖ-ਵੱਖ ਲਹਿਰਾਂ ਅਤੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸ. ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ ਅਤੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਸੰਘਰਸ਼ਾਂ ਸਦਕਾ ਅਸੀਂ ਆਜ਼ਾਦ ਮੁਲਕ ਚ ਅਨੰਦ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਜੋ ਵੀ ਵਿਆਕਤੀ ਸਮਾਜ ਵਿਚ ਕੁਝ ਚੰਗਾ ਕਰਨ ਲਈ ਆਪਣੀ ਯੋਗਦਾਨ ਪਾਉਦਾ ਹੈ ਚਾਹੇ ਉਹ ਕਿਸੇ ਵੀ ਖੇਤਰ ਵਿੱਚ ਹੋਵੇ ਉਸ ਦਾ ਸਨਮਾਨ ਕਰਕੇ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ। ਇਸ ਮੌਕੇ ਡਾਕਟਰ ਅਨਵਰ ਭਸੌੜ ਮੈਬਰ ਵਕਫ ਬੋਰਡ ਪੰਜਾਬ , ਜਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਨਰੇਸ ਸਿੰਗਲਾ, ਆਪ ਆਗੂ ਭਿੰਦਾ ਵਿਰਕ ,ਆਪ ਆਗੂ, ਉੱਘੇ ਸਮਾਜ ਸੇਵੀ, ਨੌਜਵਾਨ ਦਿਲਾਂ ਦੀ ਧੜਕਨ ਰਾਜੂ ਲੱਡਾ, ਮਾਣਾ ਗਰੇਵਾਲ, ਕੁਲਦੀਪ ਸਿੰਘ ਬੁੱਟਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਫਿਰੋਜ਼ਪੁਰ ਵਿਖੇ ਸਮੂਹ ਸਿੱਖ ਜਥੇਬੰਦੀਆਂ ਨੇ ਇੰਟਰਨੈਸ਼ਨਲ ਪੰਥਕ ਦਲ ਅਤੇ ਏਕ ਨੂਰ ਖਾਲਸਾ ਫੌਜ ਦੇ ਸੱਦੇ 'ਤੇ

# ਆਜ਼ਾਦੀ ਦਿਵਸ ਦੀ ਥਾਂ ਮਨਾਇਆ ਗੁਲਾਮੀ ਦਿਵਸ



**ਫਿਰੋਜ਼ਪੁਰ 16 ਅਗਸਤ (ਪੱਤਰ ਪ੍ਰੇਰਕ)**-ਅੱਜ ਜਿਥੇ ਭਾਰਤ ਦੇਸ਼ ਦੇ ਦੂਜੇ ਲੋਕਾਂ ਵੱਲੋਂ 15 ਅਗਸਤ ਦੇ ਦਿਹਾੜੇ ਨੂੰ ਜਸ਼ਨ ਮਨਾ ਕੇ ਅਜ਼ਾਦੀ ਦੇ ਦਿਹਾੜੇ ਵਜੋਂ ਮਨਾਇਆ ਜਾ ਰਿਹਾ ਹੈ। ਉਥੇ ਹੀ ਸਿੱਖ ਧਰਮ ਦੀ ਨੁਮਾਇੰਦਗੀ ਕਰ ਰਹੀਆਂ ਸਿੱਖ ਜਥੇਬੰਦੀਆਂ ਵੱਲੋਂ ਇਸ ਦਿਨ ਨੂੰ ਅਜ਼ਾਦੀ ਦਿਵਸ ਦੀ ਬਿਜਾਏ ਗੁਲਾਮੀ ਦਿਵਸ ਮਨਾਇਆ। ਇਸੇ ਹੀ ਤਹਿਤ ਫਿਰੋਜ਼ਪੁਰ ਸ਼ਹਿਰ ਵਿੱਚ ਸ਼ਹੀਦ ਉਧਮ ਸਿੰਘ ਚੌਂਕ ਵਿਖੇ ਇੰਟਰਨੈਸ਼ਨਲ ਪੰਥਕ ਦਲ ਅਤੇ ਏਕ ਨੂਰ ਖਾਲਸਾ ਫੌਜ ਦੇ ਸੱਦੇ ਤੇ ਸਮੂਹ ਸਿੱਖ ਜਥੇਬੰਦੀਆਂ ਜਿਨ੍ਹਾਂ ਵਿੱਚ ਇੰਟਰਨੈਸ਼ਨਲ ਪੰਥਕ ਦਲ,ਏਕ ਨੂਰ ਖਾਲਸਾ ਫੌਜ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ,ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ), ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਸਾਬਕਾ ਫੌਜੀ ਸੰਘਰਸ਼ ਕਮੇਟੀ,ਕਿਸਾਨ ਬਚਾਓ ਮੋਰਚਾ,ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਆਦਿ ਜਥੇਬੰਦੀਆਂ ਨੇ ਇਕੱਤਰਤਾ ਕਰਕੇ ਆਪਣੇ ਹੱਥਾਂ ਵਿੱਚ ਕਾਲੀਆਂ ਝੰਡੀਆਂ ਅਤੇ ਬੰਦੀ ਸਿੰਘ ਦੀਆਂ ਫੋਟੋਆਂ ਵਾਲੇ ਬੈਨਰ, ਕਾਲੀਆਂ ਦਸਤਾਰਾਂ ਅਤੇ ਸਿਰਾਂ ਤੇ ਕਾਲੀਆਂ ਪੱਟੀਆਂ ਬੰਨ ਕੇ ਸਿੱਖ ਲਈ ਚੱਲ ਰਹੇ ਦੋਹਰੇ ਮਾਪਦੰਡ, ਕਾਨੂੰਨ ਵਿੱਰੁਧ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰਦਰਸ਼ਨੀ ਮੰਗ ਕਰ ਰਹੇ ਸਨ ਕਿ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਕੇ ਵੀ ਤੀਹ ਤੀਹ, ਪੈਂਤੀ ਪੈਂਤੀ ਸਾਲਾਂ ਤੋਂ ਬੰਦ ਸਿੱਖ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਵੇ। ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਸੂਬਾ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆਂ ਨੇ ਬੋਲਦਿਆਂ ਕਿਹਾ ਕਿ ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੋ ਲੱਖ ਤੋਂ ਵੱਧ ਕੈਦ ਅਤੇ ਭਾਰੀ ਗਿਣਤੀ ਵਿੱਚ ਸ਼ਹੀਦੀਆਂ ਪਾ ਕੇ ਵੀ ਸਰਕਾਰਾਂ ਦੇ ਬੋਲੇ ਕੰਨਾਂ ਤੱਕ ਅਵਾਜ਼ ਨਹੀਂ ਪਹੁੰਚੀ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾਂ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ ਪਰ ਜਦੋਂ ਸਬਰ ਦਾ ਪਿਆਲਾ ਭਰ ਜਾਂਦਾ ਹੈ ਤਾਂ ਸਿੱਖਾਂ ਨੂੰ ਮਜਬੂਰ ਹੋ ਕੇ ਆਪਣੇ ਹੱਕਾਂ ਲਈ ਸਰਕਾਰਾਂ ਨਾਲ ਮੱਥਾ ਲਾਉਣਾ ਪੈਂਦਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਪੰਦਰਾਂ ਅਗਸਤ ਉਨੀਂ ਸੌ ਸੰਤਾਲੀ ਨੂੰ ਜਿੱਥੇ ਦੋ ਦੇਸ਼ਾਂ ਨੇ ਅਜ਼ਾਦੀ ਪ੍ਰਾਪਤ ਕਰਕੇ ਜਸ਼ਨ ਮਨਾਇਆ ਉਥੇ ਸਿੱਖ ਕੌਮ ਦਾ ਭਾਰੀ ਨੁਕਸਾਨ ਹੋਇਆ ਕਿਉਂਕਿ ਦੇਸ਼ ਪੰਜਾਬ ਦਾ ਜ਼ਿਆਦਾਤਰ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ ਸਿੱਖਾਂ ਦੇ ਧਾਰਮਿਕ ਸਥਾਨ ਉਧਰ ਰਹਿ ਗਏ, ਜ਼ਮੀਨਾਂ , ਧੰਨ ਦੌਲਤ ਅਤੇ ਜਾਇਦਾਦ ਉਧਰ ਰਹਿ ਗਈਆਂ,ਭਾਰੀ ਗਿਣਤੀ ਵਿੱਚ ਸਿੱਖਾਂ ਦਾ ਕਤਲੋਗਾਰਤ ਅਤੇ ਧੀਆ ਭੈਣਾ ਦੀ ਬੇਪਤੀ ਕੀਤੀ ਗਈ।ਇਤਨਾ ਨੁਕਸਾਨ ਝੱਲ ਕੇ ਵੀ ਸਿੱਖਾਂ ਦੇ ਹਿੱਸੇ ਕੀ ਆਇਆ ਕਿ ਅਜ਼ਾਦ ਭਾਰਤ ਦੇ ਆਗੂਆਂ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਸਿੱਖਾਂ ਦੇ ਮਸਲਿਆਂ ਦਾ ਇੱਕੋ ਇੱਕ ਹੱਲ ਖਾਲਿਸਤਾਨ ਹੈ ਜੋ ਕਿ ਬਹੁਤ ਜਲਦੀ ਅਸੀਂ ਪ੍ਰਾਪਤ ਕਰ ਲਵਾਂਗੇ। ਇਸ ਮੌਕੇ ਏਕ ਨੂਰ ਖਾਲਸਾ ਫੌਜ ਦੇ ਸੀਨੀਅਰ ਆਗੂ ਭਾਈ ਹਿੰਮਤ ਸਿੰਘ ਸ਼ਕੂਰ ਅਤੇ ਜਿਲ੍ਹਾ ਪ੍ਰਧਾਨ ਭਾਈ ਲਖਬੀਰ ਸਿੰਘ ਨੰਬਰਦਾਰ ਨੇ ਕਿਹਾ ਕਿ ਜਿਸ ਕੌਮ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 93% ਕੁਰਬਾਨੀਆਂ ਕੀਤੀਆਂ ਹੋਣ ਅੱਜ ਉਸ ਕੌਮ ਨੂੰ ਫਿਰਕਾਪ੍ਰਸਤ ਸਰਕਾਰਾਂ ਦੇਸ਼ ਦੇ ਦੂਜੇ ਦਰਜੇ ਦੇ ਨਾਗਰਿਕ ਸਮਝ ਕੇ ਉਸ ਕੌਮ ਨਾਲ ਘੋਰ ਵਿਤਕਰੇਬਾਜ਼ੀ ਕਰ ਰਹੀਆਂ ਹਨ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸਰਪ੍ਰਸਤ ਭਾਈ ਲਖਬੀਰ ਸਿੰਘ ਮਹਾਲਮ ਨੇ ਕਿਹਾ ਕਿ 2015 ਤੋਂ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਸਿਲਸਿਲਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਅੱਜ ਤੱਕ ਕਿਸੇ ਸਰਕਾਰ ਵੱਲੋਂ ਇਨਸਾਫ਼ ਨਹੀਂ ਦਿੱਤਾ ਗਿਆ। ਕਿਸਾਨ ਬਚਾਓ ਮੋਰਚਾ ਦੇ ਸੂਬਾਈ ਪ੍ਰਧਾਨ ਭਾਈ ਕਿਰਪਾ ਸਿੰਘ ਨੱਥੂਵਾਲਾ ਨੇ ਲੋਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੀਆਂ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਜੋ ਲੈਂਡ ਪੂਲਿੰਗ ਦੇ ਕਾਨੂੰਨ ਵਿੱਰੁਧ ਮੋਰਚਾ ਖੋਲ੍ਹਦਿਆਂ ਸਰਕਾਰਾਂ ਦੇ ਨੱਕ ਵਿਚ ਦਮ ਕਰ ਰੱਖਿਆ ਜਿਸ ਕਰਕੇ ਸਰਕਾਰ ਨੂੰ ਇਹ ਕਿਸਾਨ ਮਾਰੂ ਕਾਨੂੰਨ ਵਾਪਸ ਲੈਣਾ ਪਿਆ। ਇਸ ਮੌਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਮੀਤ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਭਾਈ ਅਮ੍ਰਿਤਪਾਲ ਸਿੰਘ ਨੂੰ ਨਜਾਇਜ਼ ਐੱਨ ਐੱਸ ਏ ਲਗਾ ਕੇ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ ਜਦ ਕਿ ਭਾਈ ਸਾਹਬ ਪੰਜਾਬ ਵਿੱਚ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਪ੍ਰਾਪਤ ਕਰਕੇ ਮੈਂਬਰ ਪਾਰਲੀਮੈਂਟ ਬਣੇਂ ਹਨ ਪਰ ਪੰਜਾਬ ਸਰਕਾਰ ਦੀ ਗ਼ਲਤ ਸੋਚ ਕਰਕੇ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਪੰਥ ਪ੍ਰਸਿੱਧ ਕਵੀਸ਼ਰ ਭਾਈ ਗੁਰਵਿੰਦਰ ਸਿੰਘ ਲਾਹੌਰੀਏ ਦੇ ਜਥੇ ਨੇ ਬੀਰ ਰਸ ਕਵਿਤਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਬੁਲਾਰਿਆਂ ਜਿਨ੍ਹਾਂ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਭਾਈ ਜੋਗਿੰਦਰ ਸਿੰਘ ਸ਼ਾਮ ਸਿੰਘ ਵਾਲਾ,ਕਿਸਾਨ ਬਚਾਓ ਮੋਰਚਾ ਦੇ ਸੂਬਾਈ ਸੱਕਤਰ ਡਾਕਟਰ ਗੋਮਾ ਸਿੰਘ,ਕਿਸਾਨ ਬਚਾਓ ਮੋਰਚਾ ਦੇ ਸੂਬਾਈ ਆਗੂ ਭਾਈ ਗੁਰਨਾਮ ਸਿੰਘ ਮਾਹਾਲਮ,ਜ਼ਿਲ੍ਹਾ ਪ੍ਰਧਾਨ ਭਾਈ ਪਿੱਪਲ ਸਿੰਘ ਸਦਰਦੀਨ ਵਾਲਾ, ਜ਼ਿਲ੍ਹਾ ਪ੍ਰਧਾਨ ਕਿਸਾਨ ਬਚਾਓ ਮੋਰਚਾ ਭਾਈ ਚਾਨਣ ਸਿੰਘ,ਕਿਸਾਨ ਬਚਾਓ ਮੋਰਚਾ ਦੇ ਭਾਈ ਗੁਰਜੀਤ ਸਿੰਘ,ਜ਼ਿਲ੍ਹਾ ਸੱਕਤਰ ਭਾਈ ਅਮਰੀਕ ਸਿੰਘ ਸ਼ੁਸਕ, ਬਲਾਕ ਪ੍ਰਧਾਨ ਮਮਦੋਟ ਭਾਈ ਬਲਵਿੰਦਰ ਸਿੰਘ ਸਦਰਦੀਨ, ਬਲਾਕ ਪ੍ਰਧਾਨ ਗੁਰੂ ਹਰਸਹਾਇ ਭਾਈ ਕੁਲਦੀਪ ਸਿੰਘ ਜਾਮਾਂ ਰੱਖਈਆਂ, ਇਕਾਈ ਪ੍ਰਧਾਨ ਭਾਈ ਗੁਰਜੀਤ ਸਿੰਘ ਫਾਰੂਵਾਲਾ, ਫਿਰੋਜ਼ਪੁਰ ਸ਼ਹਿਰੀ ਪ੍ਰਧਾਨ ਬੇਅੰਤ ਸਿੰਘ ਐਮ ਸੀ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਸ਼ਹਿਰੀ ਪ੍ਰਧਾਨ ਭਾਈ ਕੁਲਦੀਪ ਸਿੰਘ ਨੰਢਾ, ਭਾਈ ਟਹਿਲ ਸਿੰਘ ਸ਼ੇਰ ਖਾਂ,ਏਕ ਨੂਰ ਖਾਲਸਾ ਫੌਜ ਦੇ ਆਗੂ ਭਾਈ ਸਵਰਨ ਸਿੰਘ ਮਹਾਲਮ, ਬਲਾਕ ਪ੍ਰਧਾਨ ਜ਼ੀਰਾ ਭਾਈ ਬੱਚਿਤਰ ਸਿੰਘ ਵਕੀਲਾਂ ਵਾਲੇ, ਬਲਾਕ ਪ੍ਰਧਾਨ ਕਿਸਾਨ ਬਚਾਓ ਮੋਰਚਾ ਜ਼ੀਰਾ ਭਾਈ ਵਿਸਾਖਾ ਸਿੰਘ, ਸਰਪੰਚ ਸੁਖਦੇਵ ਸਿੰਘ ਮਹਾਲਮ, ਜਗਤਾਰ ਸਿੰਘ ਮਹਾਲਮ, ਅਮਰਜੀਤ ਸਿੰਘ ਮਹਾਲਮ, ਭਾਈ ਮੇਹਰ ਸਿੰਘ ਜਾਮਾਂ ਰੱਖਈਆਂ, ਬਾਬਾ ਸਰਬਜੀਤ ਸਿੰਘ ਫਾਰੂਵਾਲਾ, ਫ਼ੁਮਣ ਸਿੰਘ ਵੱਲੀਆਂ, ਸ਼ਿੰਦਰ ਸਿੰਘ ਵੱਲੀਆਂ, ਜਥੇਦਾਰ ਤਿਰਲੋਕ ਸਿੰਘ ਅਤੇ ਸੈਂਕੜੇ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸੱਤਿਆ ਐਲੀਮੈਂਟਰੀ ਸਕੂਲ ਭੱਟੀ ਕੇ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ



**ਚੌਂਕ ਮਹਿਤਾ, 16 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੱਤਿਆ ਐਲੀਮੈਂਟਰੀ ਸਕੂਲ ਭੱਟੀਕੇ ਵਿੱਖੇ 79 ਵਾਂ ਆਜਾਦੀ ਦਿਵਸ ਮਨਾਇਆ।ਇਸ ਮੌਕੇ ਤੇ ਸਕੂਲ ਦੇ ਕਲਸਟਰ ਕੋਆਰਡੀਨੇਟਰ ਸੁਖਵਿੰਦਰ ਸਿੰਘ ਅਤੇ ਮੁੱਖ ਅਧਿਆਪਕਾ ਦਲਜਿੰਦਰ ਕੌਰ ਨੇ ਬੱਚਿਆਂ ਨੂੰ ਗਣਤੰਤਰ ਦਿਵਸ ਬਾਰੇ ਜਾਣਕਾਰੀ ਦਿੱਤੀ ਇਸ ਮੌਕੇ ਤੇ ਪਿੰਡ ਦੇ ਸਰਪੰਚ ਸੁਖਜਿੰਦਰ ਸਿੰਘ ਅਤੇ ਪਰਮਜੀਤ ਸਿੰਘ ਅਤੇ ਹੋਰ ਮੁੱਖ ਮਹਿਮਾਨਾਂ ਵੱਲੋਂ ਝੰਡੇ ਦੀ ਰਸਮ ਨੂੰ ਅਦਾ ਕੀਤੀ ਗਈ।ਇਸ ਮੌਕੇ ਤੇ ਪਿੰਡ ਵਿੱਚੋਂ ਰਿਟਾਇਰ ਹੋ ਚੁੱਕੇ ਆਰਮੀ ਮੈਨ ਨੂੰ ਵੀ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਨੂੰ ਆਪਣੇ ਵਿਚਾਰ ਸਾਂਝਾ ਕਰਨ ਦੇ ਲਈ ਸਕੂਲ ਦੇ ਵਿੱਚ ਸੱਦਿਆ ਗਿਆ ਬੱਚਿਆਂ ਨੇ ਬਹੁਤ ਵਧੀਆ ਢੰਗ ਨਾਲ ਪਰੇਡ ਕੀਤੀ ਅਤੇ ਹੋਰ ਵੀ ਕਈ ਤਰ੍ਹਾਂ ਦੀਆਂ ਝਾਕੀਆਂ ਪੇਸ਼ ਕੀਤੀਆਂ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਦਲਜਿੰਦਰ ਕੌਰ,ਪ੍ਰਿਪਾਲ ਕੌਰ, ਪ੍ਰਭਜੀਤ ਕੌਰ, ਦਿਪਤੀ ਸ਼ਰਮਾ, ਕਿਰਨ ਕੁਮਾਰੀ, ਰਜਵੰਤ ਕੌਰ, ਪ੍ਰਦੀਪ ਕੌਰ, ਦਲਬੀਰ ਕੌਰ ਬਬਲਪ੍ਰੀਤ ਕੌਰ ਅਤੇ ਨਵਨੀਤ ਕੌਰ ਸ਼ਾਮਿਲ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਖਿਡਾਰੀ ਜਸਨਦੀਪ ਸਿੰਘ ਨੂੰ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਜੀ ਨੇ ਕੀਤਾ ਸਨਮਾਨਿਤ



**ਚੌਂਕ ਮਹਿਤਾ 16 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੰਤ ਬਾਬਾ ਗੁਰਬਖਸ਼ ਸਿੰਘ ਜੀ ਖਾਲਸਾ ਅਕੈਡਮੀ ਜੱਬੋਵਾਲ ਦੇ ਵਿਦਿਆਰਥੀ ਜਸਨਦੀਪ ਸਿੰਘ ਪੰਜਾਬ ਯੂਥ ਬਾਕਸਿੰਗ ਚੈਪੀਅਨਸ਼ਿਪ ਬਿਹਾਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਜਿਸ ਵਿੱਚ 10 ਸਟੇਟਾਂ ਨੇ ਭਾਗ ਲਿਆ ਅਤੇ ਪੰਜਾਬ ਯੂਥ ਬਾਕਸਿੰਗ ਦੇ ਨੌਜਵਾਨਾਂ ਨੇ ਤਿੰਨ ਗੋਲਡ ਮੈਡਲ 2 ਸਿਲਵਰ, 10 ਬਰਾਉਣ ਮੈਡਲ ਅਤੇ ਟਰਾਫ਼ੀ ਜਿੱਤੇ ਕੇ ਪੰਜਾਬ ਨੂੰ ਦੂਜਾ ਸਥਾਨ ਪ੍ਰਾਪਤ ਕਰਕੇ ਦਮਦਮੀ ਟਕਸਾਲ ਗੁਰਦੁਆਰਾ ਗੁਰਦਰਸ਼ਨ ਪਰਕਾਸ਼ ਜਥਾ ਭਿੰਡਰਾ ਮਹਿਤਾ ਸਾਹਿਬ ਆਉਣ ਤੇ ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਖਿਡਾਰੀ ਜਸਨਦੀਪ ਸਿੰਘ ਨੂੰ ਸਿਰਪਾਉ ਅਤੇ ਦੁਸ਼ਾਲਾ ਦੇਕੇ ਸਨਮਾਨਿਤ ਕੀਤਾ। ਅਤੇ ਗੁਰੂ ਘਰ ਵੱਲੋਂ ਆਸ਼ੀਰਵਾਦ ਦਿੱਤਾ। ਇਸ ਮੌਕੇ ਤੇ ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਅਕੈਡਮੀ ਦੇ ਮੁੱਖੀ ਸੰਤ ਬਾਬਾ ਮਲਕੀਅਤ ਸਿੰਘ ਖਾਲਸਾ ਜੱਬੋਵਾਲ, ਭਾਈ ਤੇਜਬੀਰ ਸਿੰਘ ਖਾਲਸਾ ਭਲਾਈਪੁਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਚੂੰਗ ਵਿੱਖੇ 79 ਵਾਂ ਆਜ਼ਾਦੀ ਦਿਵਸ ਮਨਾਇਆ




**ਚੌਂਕ ਮਹਿਤਾ, 16 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-79ਵਾਂ ਆਜ਼ਾਦੀ ਦਿਵਸ ਸਾਰੇ ਹੀ ਭਾਰਤ ਵਿੱਚ ਬੜੀ ਸ਼ਾਨ ਅਤੇ ਬਹੁਤ ਮਾਣ ਨਾਲ ਮਨਾਇਆ ਜਾਣ ਵਾਲਾ ਉਤਸਵ ਹੈ। ਹਲਕੇ ਦੀ ਮੰਨੀ ਪ੍ਰਮੰਨੀ ਸੰਸਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਚੂੰਗ ਵਿਖੇ ਡਾਇਰੈਕਟਰ ਤੇਜਬੀਰ ਸਿੰਘ ਸੋਹਲ ਦੀ ਅਗਵਾਈ ਹੇਠ 79 ਵਾਂ ਆਜ਼ਾਦੀ ਦਿਵਸ ਮਨਾਇਆ ਗਿਆ ।ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਹਿੱਸਾ ਪਾ ਕੇ ਆਪਣੀਆਂ ਜਾਨਾਂ ਕੁਰਬਾਨ ਕਰ ਚੁੱਕੇ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕੀਤਾ ਗਿਆ ।ਵਿਦਿਆਰਥੀਆਂ ਵੱਲੋਂ ਆਜ਼ਾਦੀ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਸੰਬੰਧਿਤ ਸਟੇਜੀ ਗਤੀਵਿਧੀਆਂ ਕੀਤੀਆਂ ਗਈਆਂ ।ਵਿਦਿਆਰਥੀਆਂ ਨੇ ਗੀਤ ਸੰਗੀਤ ,ਕਵਿਤਾ ,ਗਰੁੱਪ ਸੌਂਗ ,ਗਰੁੱਪ ਡਾਂਸ ,ਭਾਸ਼ਣ ,ਕੋਰਿਓਗ੍ਰਾਫੀ ਆਦਿ ਰਾਹੀਂ ਦੇਸ਼ ਪ੍ਰੇਮ ਅਤੇ ਦੇਸ਼ ਭਗਤੀ ਦੇ ਭਾਵਾਂ ਨੂੰ ਪ੍ਰਗਟ ਕੀਤਾ। ਵਿਦਿਆਰਥੀਆਂ ਨੇ ਬੜੇ ਹੀ ਜੋਸ਼ ਨਾਲ ਆਪਣੇ ਆਜ਼ਾਦ ਭਾਰਤ ਦੀ ਮਹਿਮਾ ਨੂੰ ਗਾਇਆ ।ਇਸ ਮੌਕੇ ਸੰਸਥਾ ਦੇ ਅਧਿਆਪਕਾਂ ਨੇ ਪੂਰੇ ਸਹਿਯੋਗ ਨਾਲ ਵੱਧ ਚੜ ਕੇ ਇਸ ਉਤਸਵ ਨੂੰ ਸਫਲ ਬਣਾਉਣ ਲਈ ਬਣਦਾ ਯੋਗਦਾਨ ਦਿੱਤਾ। ਸੰਸਥਾ ਦੇ ਚੇਅਰਮੈਨ ਰਘਬੀਰ ਸਿੰਘ ਸੋਹਲ ਵੱਲੋਂ ਵਿਦਿਆਰਥੀਆਂ ਨਾਲ ਆਪਣੇ ਵਿਚਾਰਾਂ ਨੂੰ ਸਾਂਝਾ ਕੀਤਾ ਤੇ ਕਿਹਾ ਕਿ ਆਉਣ ਵਾਲੀ ਪੀੜੀ ਦੇ ਹੱਥ ਵਿੱਚ ਸਾਡੇ ਭਾਰਤ ਦਾ ਗੌਰਵਮਈ ਇਤਿਹਾਸ ਹੈ ਅਤੇ ਇਸ ਨੂੰ ਬਰਕਰਾਰ ਰੱਖਣਾ ਵੀ ਇਸ ਪੀੜੀ ਦਾ ਮੁੱਖ ਮਨੋਰਥ ਹੈ। ਸੰਸਥਾ ਦੇ ਡਾਇਰੈਕਟ ਤੇਜਬੀਰ ਸਿੰਘ ਸੋਹਲ ਤੋਂ ਇਲਾਵਾ ਮੈਡਮ ਜਸਪ੍ਰੀਤ ਕੌਰ ਸੋਹਲ ,ਮਨਤੇਜ ਕੁਮਾਰ ,ਮਨਪਰੀਤ ਕੌਰ ਛੀਨਾ, ਆਦਿਤੀ, ਰਾਜਬੀਰ ਕੌਰ,ਵੱਲੋਂ ਸਕੂਲ ਦੇ ਬੱਚਿਆਂ ਨੂੰ ਦੇਸ਼ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਫੋਰੈਸਟ ਵੱਲੋਂ 18 ਅਗਸਤ ਮਨਾਇਆ ਜਾਵੇਗਾ ਵਣ ਮਹਾਂਉਤਸਵ—ਮੁਹਿੰਦਰ ਸਿੰਘ ਧਾਲੀਵਾਲ

ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :— ਪੰਜਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਜਲੰਧਰ ਮੰਡਲ ਦੇ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਅਤੇ ਸਕੱਤਰ ਸ੍ਰੀ ਸਤਪਾਲ ਸਿੰਘ ਨੇ ਸੂਬਾ ਕਮੇਟੀ ਨੂੰ ਮਨਾਏ ਜਾ ਰਹੇ ਵਣ ਮਹਾਂਉਤਸਵ ਬਾਰੇ ਜਾਣੂ ਕਰਵਾਇਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਦੱਸਿਆ ਕਿ 18 ਅਸਗਤ ਨੂੰ ਬਿਸਤ ਸਰਕਲ ਦਫਤਰ ਮਕਸੂਦਾਂ ਗੇਟ ਜਲੰਧਰ ਦੇ ਪਾਰਕ ਵਿੱਚ ਪੰਜਾਬ ਨੂੰ ਹਰਾ ਭਰਾ ਕਰਨ ਅਤੇ ਵਾਤਾਵਰਣ ਦੀ ਸੰਭਾਲ ਲਈ ਵਣ ਵਿਭਾਗ ਦੇ ਅਧਿਕਾਰੀਆਂ ਅਤੇ ਵਣ ਪੈਨਸ਼ਨਰਜ ਵੱਲੋਂ ਸਾਂਝੇ ਤੌਰ ਤੇ ਵਣ ਮਹਾਂਉਤਸਵ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਵੱਖ—ਵੱਖ ਭਾਂਤ ਦੇ ਪੌਦੇ ਲਗਾਏ ਜਾਣਗੇ ਅਤੇ ਵਾਤਾਵਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਉਪਰੰਤ ਵਣ ਪੈਨਸ਼ਨਰਜ ਦੇ ਮਸਲੇ ਹੱਲ ਕਰਨ ਲਈ ਵਣ ਪਾਲ ਬਿਸਤ ਸਰਕਲ ਜਲੰਧਰ ਅਤੇ ਵਣ ਮੰਡਲ ਅਫ਼ਸਰ ਜਲੰਧਰ ਅਟ ਫਿਲੌਰ ਨਾਲ ਮੀਟਿੰਗ ਕੀਤੀ ਜਾਵੇਗੀ, ਜਿਸ ਵਿੱਚ ਪੰਜਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਸੂਬਾ ਕਮੇਟੀ ਦੇ ਆਹੁਦੇਦਾਰ ਸ਼ਾਮਿਲ ਹੋਣਗੇ। ਉਨ੍ਹਾਂ ਕਿਹਾ ਕਿ ਸਾਥੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਨੌਵੇਂ ਪਾਤਸ਼ਾਹ ਜੀ ਦੇ 350ਸਾਲਾ ਸ਼ਹੀਦੀ ਦਿਵਸ ਨੂੰ ਨੈਸ਼ਨਲ ਪੱਧਰ 'ਤੇ ਸ਼ਰਧਾ ਨਾਲ ਮਨਾਉਣਾ

# ਹਰਿਆਣਾ ਸਰਕਾਰ ਦਾ ਕਾਰਜ ਸਲਾਘਾਯੋਗ - ਜਥੇਦਾਰ ਦਾਦੂਵਾਲ



**ਚੰਡੀਗੜ੍ਹ, 16 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ੍ਰਿਸ਼ਟੀ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ 350ਸਾਲਾ ਸ਼ਹੀਦੀ ਦਿਹਾੜਾ 25 ਨਵੰਬਰ ਨੂੰ ਸੰਸਾਰ ਭਰ ਵਿੱਚ ਸਿੱਖ ਸੰਗਤਾਂ,ਗੁਰਦੁਆਰਾ ਪ੍ਰਬੰਧਕ ਕਮੇਟੀਆਂ,ਸਿੱਖ ਜਥੇਬੰਦੀਆਂ ਅਤੇ ਸਰਕਾਰਾਂ ਵੱਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ 350ਸਾਲਾ ਸ਼ਹੀਦੀ ਦਿਹਾੜੇ ਨੂੰ ਸ੍ਰੀ ਨਾਇਬ ਸਿੰਘ ਸੈਣੀ ਮੁੱਖ ਮੰਤਰੀ ਹਰਿਆਣਾ ਸਰਕਾਰ ਵੱਲੋਂ ਰਾਸ਼ਟਰੀ ਪੱਧਰ ਤੇ ਮਨਾਉਣਾ ਇੱਕ ਸਲਾਘਾਯੋਗ ਕਾਰਜ ਹੈ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਇੱਕ ਲਿਖਤੀ ਪ੍ਰੈਸਨੋਟ ਰਾਹੀਂ ਕੀਤਾ ਗਿਆ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਪਹਿਲਾਂ ਵੀ ਹਰਿਆਣਾ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਕੇਂਦਰੀ ਮੰਤਰੀ ਸ਼੍ਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਵਿੱਚ ਸ਼ਤਾਬਦੀਆਂ ਬਹੁਤ ਵੱਡੀ ਪੱਧਰ ਤੇ ਹਰਿਆਣਾ ਦੇ ਯਮੁਨਾਨਗਰ ਸਿਰਸਾ ਪਾਣੀਪਤ ਵਿੱਚ ਮਨਾਈਆਂ ਗਈਆਂ ਹਨ ਇਸ ਵਾਰ ਇਹ ਸ਼ਤਾਬਦੀ ਧਰਮ ਨਗਰੀ ਕੁਰੂਕਸ਼ੇਤਰ ਵਿਖੇ ਮਨਾਈ ਜਾ ਰਹੀ ਹੈ ਜਿਸ ਵਿਚ ਧਾਰਮਿਕ ਰਾਜਨੀਤਿਕ ਆਗੂਆਂ ਤੋਂ ਇਲਾਵਾ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸ਼ਤਾਬਦੀ ਸਮਾਗਮ ਵਿੱਚ ਪੁੱਜ ਰਹੇ ਹਨ ਆਸ ਹੈ ਕੇ ਹਰਿਆਣਾ ਅਤੇ ਸਿੱਖਾਂ ਦੀ ਭਲਾਈ ਵਾਸਤੇ ਵੱਡੇ ਐਲਾਨ ਹੋਣਗੇ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਸ਼ਤਾਬਦੀ ਸਮਾਗਮਾਂ ਪ੍ਰਬੰਧਾਂ ਲਈ ਡਾਕਟਰ ਪ੍ਰਭਲੀਨ ਸਿੰਘ ਓ ਐਸ ਡੀ ਹਰਿਆਣਾ ਸਰਕਾਰ ਦੀ ਡਿਊਟੀ ਲਗਾਈ ਗਈ ਹੈ ਜੋ ਇੱਕ ਤਜ਼ੁਰਬੇਕਾਰ ਅਤੇ ਮਿਹਨਤੀ ਵਿਅਕਤੀ ਹੈ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਸ਼ਤਾਬਦੀ ਸਮਾਗਮਾਂ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਸੰਤ ਮਹਾਂਪੁਰਸ਼ਾਂ ਵੱਲੋਂ ਗੁਰੂ ਕੇ ਲੰਗਰਾਂ ਤੇ ਪ੍ਰਬੰਧਾਂ ਚ ਵੀ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ ਸ਼ਤਾਬਦੀ ਸਮਾਗਮ ਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਪੁੱਜਣ ਨਾਲ ਪਹਿਲੀਆਂ ਸ਼ਤਾਬਦੀਆਂ ਵਿੱਚ ਹੋਏ ਐਲਾਨਾਂ ਦੇ ਵੀ ਪੂਰਾ ਹੋਣ ਦੀ ਆਸ ਬੱਝੀ ਹੈ ਉਮੀਦ ਕੀਤੀ ਜਾ ਸਕਦੀ ਹੈ ਕਿ ਹੁਣ ਉਹ ਐਲਾਨ ਜ਼ਰੂਰ ਪੂਰੇ ਹੋਣਗੇ ਜਥੇਦਾਰ ਦਾਦੂਵਾਲ ਜੀ ਨੇ ਸਿੱਖ ਸੰਗਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕੇ ਸਰਬੱਤ ਸੰਗਤਾਂ ਪੂਰੇ ਉਤਸ਼ਾਹ ਨਾਲ ਇਨਾਂ ਸ਼ਤਾਬਦੀ ਸਮਾਗਮਾਂ ਵਿੱਚ ਸਮੂਲੀਅਤ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

ਉੱਤਮ ਕਾਰਗੁਜ਼ਾਰੀ ਲਈ ਐਸ.ਐਮ.ਓ ਤਲਵੰਡੀ ਸਾਬੋ ਨੂੰ

# ਸੁਤੰਤਰਤਾ ਦਿਵਸ ਮੌਕੇ ਕੀਤਾ ਗਿਆ ਸਨਮਾਨਿਤ



**ਤਲਵੰਡੀ ਸਾਬੋ, 16 ਅਗਸਤ (ਗੁਰਜੰਟ ਸਿੰਘ ਨਥੇਹਾ)**- ਡਿਪਟੀ ਕਮਿਸ਼ਨਰ ਬਠਿੰਡਾ ਸ਼ਸ਼ੌਕਤ ਅਹਿਮਦ ਪਰੇ ਆਈ.ਏ.ਐਸ.ਜੀ ਦੀ ਅਗਵਾਈ ਹੇਠ ਸੁਤੰਤਰਤਾ ਦਿਵਸ 2025 ਮੌਕੇ ਸ਼ਹੀਦ ਭਗਤ ਸਿੰਘ ਸਟੇਡੀਅਮ, ਬਠਿੰਡਾ ਵਿਖੇ ਹੋਏ ਸਮਾਗਮ ਵਿੱਚ ਸਿਹਤ ਵਿਭਾਗ ਪੰਜਾਬ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਉੱਤਮ ਕਾਰਗੁਜ਼ਾਰੀ ਲਈ ਜ਼ਿਲ੍ਹਾ ਪੱਧਰ ਤੇ ਦੂਸਰੇ ਸਥਾਨ 'ਤੇ ਆਉਣ ਲਈ ਸੀਨੀਅਰ ਮੈਡੀਕਲ ਅਫ਼ਸਰ ਸਬ ਡਵੀਜ਼ਨਲ ਹਸਪਤਾਲ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਨੂੰ ਸ੍ਰੀ ਬਰਿੰਦਰ ਕੁਮਾਰ ਗੋਇਲ, ਮਾਣਯੋਗ ਮੰਤਰੀ ਜਲ ਸਰੋਤ, ਖਣਨ ਅਤੇ ਭੂਮੀ ਤੇ ਜਲ ਸੰਭਾਲ ਵਿਭਾਗ, ਪੰਜਾਬ ਵੱਲੋਂ ਐਮ.ਐਲ.ਏ ਬਠਿੰਡਾ ਸ਼ਹਿਰੀ ਸਰਦਾਰ ਜਗਰੂਪ ਸਿੰਘ ਗਿੱਲ, ਐਮ.ਐਲ.ਏ ਬਠਿੰਡਾ ਦਿਹਾਤੀ ਸ਼੍ਰੀ ਅਮਿਤ ਰਤਨ ਅਤੇ ਐਸ.ਐਸ /.ਪੀ ਬਠਿੰਡਾ ਅਮਨੀ ਕੌਂਡਲ ਦੀ ਹਾਜਰੀ ਵਿੱਚ ਸਨਮਾਨਿਤ ਕੀਤਾ ਗਿਆ। ਤਲਵੰਡੀ ਸਾਬੋ ਬਠਿੰਡਾ ਜ਼ਿਲ੍ਹੇ ਦੇ ਬਲਾਕ ਅਤੇ ਸਬ ਡਵੀਜ਼ਨਲ ਹਸਪਤਾਲਾਂ ਵਿੱਚੋਂ ਅੱਵਲ ਦਰਜੇ 'ਤੇ ਘੋਸ਼ਿਤ ਕੀਤਾ ਗਿਆ ਹੈ। ਇਸ ਮੌਕੇ ਗੱਲਬਾਤ ਕਰਦੇ ਹੋਏ ਐੱਸ.ਐਮ.ਓ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਨੇ ਦੱਸਿਆ ਕਿ ਪੰਜ ਮਹਿਨੇ ਪਹਿਲਾਂ ਹੀ ਉਨ੍ਹਾਂ ਦੀ ਪੋਸਟਿੰਗ ਬਤੌਰ ਐੱਸ.ਐਮ.ਓ ਤਲਵੰਡੀ ਸਾਬੋ ਹੋਈ ਹੈ। ਇਸ ਦੌਰਾਨ ਉਨ੍ਹਾਂ ਵੱਲੋਂ ਪਹਿਲੇ ਦਿਨ ਤੋਂ ਹੀ ਸੀਮਿਤ ਵਸੀਲਿਆਂ ਅਤੇ ਸਟਾਫ਼ ਦੀ ਕਮੀ ਦੇ ਬਾਵਜੂਦ ਦਿਨ ਰਾਤ ਸਮਰਪਿਤ ਹੋ ਕਿ ਸੁਧਾਰ ਕਾਰਜ ਕੀਤੇ ਜਾ ਰਹੇ ਹਨ। ਹਸਪਤਾਲ ਦੀ ਸਾਫ ਸਫਾਈ ਪ੍ਰਤੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਐਸ.ਐਮ.ਓ ਵੱਲੋਂ ਗੋਡੇ ਬਦਲਣ ਦੇ ਅਪਰੇਸ਼ਨ ਲਈ ਲੋੜੀਂਦੇ ਸਾਜੋ-ਸਮਾਨ ਮੁਹੱਈਆ ਕਰਵਾ ਕੇ ਗੋਡੇ ਬਦਲਣ ਦੇ ਅਪਰੇਸ਼ਨ ਸ਼ੁਰੂ ਕਰਾਏ ਗਏ ਅਤੇ ਹਰ ਤਰ੍ਹਾਂ ਦੀ ਦਵਾਈਆਂ ਹਸਪਤਾਲ ਦੀ ਫਾਰਮੇਸੀ ਵਿੱਚ ਉਪਲਬਧ ਕਰਵਾ ਕੇ ਮੈਡੀਕਲ ਅਫ਼ਸਰਾਂ ਨੂੰ ਸਖ਼ਤ ਹਿਦਾਇਤ ਕੀਤੀ ਕਿ ਕੋਈ ਵੀ ਦਵਾਈ ਬਾਹਰੋਂ ਲੈਣ ਲਈ ਨਾ ਕਿਹਾ ਜਾਵੇ। ਇਸ ਦੇ ਨਾਲ ਹੀ ਹਸਪਤਾਲ ਦੇ ਵੱਖ ਵੱਖ ਵਿਭਾਗ ਜਿਵੇਂ ਕਿ ਐਮਰਜੇਂਸੀ, ਓ.ਪੀ.ਡੀ, ਵਾਰਡ, ਅਪਰੇਸ਼ਨ ਥੀਏਟਰ, ਟੀਕਾਕਰਣ ਵਿਭਾਗ, ਲੈਬਰਾਟਰੀ ਅਤੇ ਨਸ਼ਾ ਛਡਾਊ ਕੇਂਦਰ ਦਾ ਰਾਊਂਡ ਰੋਜ਼ਾਨਾ ਕੀਤਾ ਜਾਂਦਾ ਰਿਹਾ ਅਤੇ ਪਾਈਆਂ ਤੁਰੱਟੀਆਂ ਨੂੰ ਟੀਮ ਵਰਕ ਨਾਲ ਸਟਾਫ਼ ਦੇ ਸਹਿਯੋਗ ਨਾਲ ਦਰੁਸਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਫਤਰੀ ਕੰਮ ਕਾਜ ਦੇ ਨਾਲ-ਨਾਲ ਨਿਰੰਤਰ ਸਿਹਤ ਬਲਾਕ ਅਧੀਨ ਸਿਹਤ ਕੇਂਦਰਾਂ ਦਾ ਦੌਰਾ ਕੀਤਾ ਜਾਂਦਾ ਹੈ ਪੰਚਾਇਤਾਂ ਨਾਲ ਮੇਲ ਮਿਲਾਪ ਕਰਕੇ ਲੋਕਾਂ ਦੀ ਸ਼ਿਕਾਇਤਾਂ ਦੀ ਸੁਣਵਾਈ ਅਤੇ ਮੌਕੇ 'ਤੇ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋ ਸਿਹਤ ਕੇਂਦਰਾਂ 'ਤੇ ਜਾ ਕੇ ਫੀਲਡ ਸਟਾਫ ਸੀ.ਐਚ.ਓ, ਮਲਟੀਪਰਪਜ ਹੈਲਥ ਵਰਕਰ ਅਤੇ ਆਸ਼ਾ ਵਰਕਰ ਨੂੰ ਸੂਬਾ ਅਤੇ ਸੈਂਟਰ ਸਰਕਾਰ ਵੱਲੋਂ ਚਲਾਏ ਜਾ ਰਹੇ ਸਿਹਤ ਪ੍ਰੋਗਰਾਮਾਂ ਨੂੰ ਸੁਚੱਜੇ ਢੰਗ ਨਾ ਨੇਪਰੇ ਚਾੜ੍ਹਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਸਮੂਹ ਮੈਡੀਕਲ ਅਫ਼ਸਰ ਸਾਹਿਬਾਨ, ਫਾਰਮੇਸੀ ਅਫ਼ਸਰ, ਨਰਸਿੰਗ ਸਟਾਫ਼ ਅਤੇ ਸਮੂਹ ਪੈਰਾ ਮੈਡੀਕਲ ਸਟਾਫ਼ ਦੇ ਸਹਿਯੋਗ ਨਾਲ ਹੀ ਮੁਮਕਿਨ ਹੋ ਪਾਇਆ ਅਤੇ ਅੱਗੇ ਵੀ ਸਿਹਤ ਬਲਾਕ ਤਲਵੰਡੀ ਸਾਬੋ ਦੀ ਟੀਮ ਲੋਕ ਹਿੱਤਾਂ ਨੂੰ ਮੁਖ ਰੱਖਦੇ ਹੋਏ ਬਿਹਤਰੀਨ ਸਿਹਤ ਸਹੂਲਤਾਂ ਦੇਣ ਲਈ ਸਮਰਪਿਤ ਅਤੇ ਵਚਨਬੱਧ ਰਹੇਗੀ ਅਤੇ ਐਸ.ਡੀ.ਐਚ ਤਲਵੰਡੀ ਸਾਬੋ ਨੂੰ ਸੂਬੇ ਵਿੱਚ ਅੱਵਲ ਦਰਜੇ 'ਤੇ ਲੈ ਕੇ ਆਣ ਲਈ ਨਿਰੰਤਰ ਉਪਰਾਲੇ ਕਰਦੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਚੰਨਣਕੇ ਵਿਖੇ ਮਨਾਇਆ ਗਿਆ 79ਵਾਂ ਆਜ਼ਾਦੀ ਦਿਵਸ



**ਚੌਕ ਮਹਿਤਾ, 16 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**- 79ਵਾਂ ਆਜ਼ਾਦੀ ਦਿਵਸ ਸਾਰੇ ਹੀ ਭਾਰਤ ਵਿੱਚ ਬੜੀ ਸ਼ਾਨ ਅਤੇ ਬਹੁਤ ਮਾਣ ਨਾਲ ਮਨਾਇਆ ਜਾਣ ਵਾਲਾ ਉਤਸਵ ਹੈ। ਹਲਕੇ ਦੀ ਮੰਨੀ ਪ੍ਰਮੰਨੀ ਸੱਤਿਆ ਐਲੀਮੈਂਟਰੀ ਸਕੂਲ ਚੰਨਣਕੇ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ । ਮੁੱਖ ਮਹਿਮਾਨ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਨੇ ਝੰਡਾ ਝੁਲਾਉਣ ਰਸਮ ਕੀਤੀ।ਉਨ੍ਹਾਂ ਦੇ ਨਾਲ ਟੀ ਐਨ ਸੀ ਡਿਪਾਰਟਮੈਂਟ ਦੇ ਮੈਂਬਰ ਮੈਡਮ ਸੁਰਿਯਾ,ਡੀ ਐਸ, ਏ ਗੁਰਦਿਆਲ ਸਿੰਘ,ਸਾਬਕਾ ਸਰਪੰਚ ਪ੍ਰਗਟ ਸਿੰਘ, ਸਮਾਜ ਸੇਵੀ ਮਾਸਟਰ ਦਵਿੰਦਰ ਸਿੰਘ, ਸਰਪੰਚ ਮੇਜਰ ਸਿੰਘ ਨਵਾਂ ਚੰਨਣਕੇ,ਪਰਧਾਨ ਗੁਰਪ੍ਰੀਤ ਸਿੰਘ, ਪ੍ਰਧਾਨ ਲਖਵਿੰਦਰ ਸਿੰਘ,ਬੂਟਾ ਸਿੰਘ ਜਲਾਲ,ਕੁਲਜੀਤ ਸਿੰਘ ਜਲਾਲ,ਆਦਿ ਹਾਜ਼ਰ ਸਨ।ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਹਿੱਸਾ ਪਾ ਕੇ ਆਪਣੀਆਂ ਜਾਨਾਂ ਕੁਰਬਾਨ ਕਰ ਚੁੱਕੇ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕੀਤਾ ਗਿਆ ।ਵਿਦਿਆਰਥੀਆਂ ਵੱਲੋਂ ਆਜ਼ਾਦੀ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਸੰਬੰਧਿਤ ਸਟੇਜੀ ਗਤੀਵਿਧੀਆਂ ਕੀਤੀਆਂ ਗਈਆਂ ।ਵਿਦਿਆਰਥੀਆਂ ਨੇ ਗੀਤ ਸੰਗੀਤ ,ਕਵਿਤਾ ,ਗਰੁੱਪ ਸੌਂਗ ,ਗਰੁੱਪ ਡਾਂਸ ,ਭਾਸ਼ਣ ,ਕੋਰਿਓਗ੍ਰਾਫੀ ਆਦਿ ਰਾਹੀਂ ਦੇਸ਼ ਪ੍ਰੇਮ ਅਤੇ ਦੇਸ਼ ਭਗਤੀ ਦੇ ਭਾਵਾਂ ਨੂੰ ਪ੍ਰਗਟ ਕੀਤਾ। ਵਿਦਿਆਰਥੀਆਂ ਨੇ ਬੜੇ ਹੀ ਜੋਸ਼ ਨਾਲ ਆਪਣੇ ਆਜ਼ਾਦ ਭਾਰਤ ਦੀ ਮਹਿਮਾ ਨੂੰ ਗਾਇਆ ।ਇਸ ਮੌਕੇ ਸੰਸਥਾ ਦੇ ਅਧਿਆਪਕਾਂ ਨੇ ਪੂਰੇ ਸਹਿਯੋਗ ਨਾਲ ਵੱਧ ਚੜ ਕੇ ਇਸ ਉਤਸਵ ਨੂੰ ਸਫਲ ਬਣਾਉਣ ਲਈ ਬਣਦਾ ਯੋਗਦਾਨ ਦਿੱਤਾ। ਸਕੂਲ ਦੀ ਮੁੱਖ ਆਧਿਆਕਾਂ ਮੈਡਮ ਨਵਨੀਤ ਕੌਰ ਵੱਲੋਂ ਵਿਦਿਆਰਥੀਆਂ ਨਾਲ ਆਪਣੇ ਵਿਚਾਰਾਂ ਨੂੰ ਸਾਂਝਾ ਕੀਤਾ ਤੇ ਕਿਹਾ ਕਿ ਆਉਣ ਵਾਲੀ ਪੀੜੀ ਦੇ ਹੱਥ ਵਿੱਚ ਸਾਡੇ ਭਾਰਤ ਦਾ ਗੌਰਵਮਈ ਇਤਿਹਾਸ ਹੈ ਅਤੇ ਇਸ ਨੂੰ ਬਰਕਰਾਰ ਰੱਖਣਾ ਵੀ ਇਸ ਪੀੜੀ ਦਾ ਮੁੱਖ ਮਨੋਰਥ ਹੈ। ਇਸ ਮੌਕੇ ਤੇ ਮੁੱਖ ਆਧਿਆਕਾਂ ਮੈਡਮ ਨਵਨੀਤ ਕੌਰ ਤੋਂ ਇਲਾਵਾ ਮੈਡਮ ਗੁਰਮੀਤ ਕੌਰ, ਮੈਡਮ ਸੰਦੀਪ ਕੌਰ, ਮੈਡਮ ਲਵਲੀਨ ਕੌਰ, ਮੈਡਮ ਲਵਦੀਪ ਕੌਰ,ਮੈਡਮ ਸੁਖਬੀਰ ਕੌਰ, ਮੈਡਮ ਮਨਦੀਪ ਕੌਰ,ਮੈਡਮ ਸਹਿਜਦੀਪ ਕੌਰ ਅਤੇ ਸਮੂਹ ਸਟਾਫ, ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਦਰਬਾਰ ਸਾਹਿਬ ਅਤੇ ਡਾ. ਮਨਮੋਹਨ ਸਿੰਘ ਦੀਆਂ ਏ ਆਈ ਨਾਲ ਗਲਤ ਤਸਵੀਰਾਂ ਬਣਾ ਕੇ ਵਾਇਰਲ ਕਰਨ ਦੀ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਾਈਬਰ ਕ੍ਰਾਈਮ ਸੈਲ ਨੂੰ ਸ਼ਿਕਾਇਤ

## ਸਿੱਖਾਂ ਦੀਆਂ ਭਾਵਨਾਵਾਂ ਨੂੰ ਜਾਣ ਬੁੱਝ ਕੇ ਪਹੁੰਚਾਈ ਜਾ ਰਹੀ ਠੇਸ: ਕਾਲਕਾ, ਕਾਹਲੋਂ



ਨਵੀਂ ਦਿੱਲੀ, 16 ਅਗਸਤ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੀਆਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨਾਲ ਗਲਤ ਤਸਵੀਰਾਂ ਬਣਾ ਕੇ ਵਾਇਰਲ ਕਰਨ ਦੀ ਸ਼ਿਕਾਇਤ ਦਿੱਲੀ ਪੁਲਿਸ ਦੇ ਸਾਈਬਰ ਕ੍ਰਾਈਮ ਸੈਲ ਨੂੰ ਦਿੱਤੀ ਹੈ ਤੇ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਬੀਤੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਿਨਾਂ ਦਸਤਾਰ ਤੋਂ ਤਸਵੀਰ ਬਣਾ ਕੇ ਵਾਇਰਲ ਕੀਤੀ ਗਈ।ਉਹਨਾਂ ਦੱਸਿਆ ਕਿ ਇਸ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਤਸਵੀਰ ਵਾਇਰਲ ਕਰ ਕੇ ਦਾਅਵਾ ਕੀਤਾ ਗਿਆ ਕਿ ਉਥੇ ਬਹੁਤ ਪਾਣੀ ਆ ਗਿਆ ਤੇ ਇਮਾਰਤ ਡਿੱਗ ਗਈ ਹੈ।ਉਹਨਾਂ ਦੱਸਿਆ ਕਿ ਅਜਿਹੀਆਂ ਕਾਰਵਾਈਆਂ ਦੇਸ਼ ਵਿਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਸਤੇ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਕਿ ਇਸ ਮਾਮਲੇ ਦਾ ਗੰਭੀਰ ਨੋਟਿਸ ਲੈ ਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਅਜਿਹੀਆਂ ਮਨਘੜਤ, ਭੜਕਾਊ ਤੇ ਗੁੰਮਰਾਹਕੁੰਨ ਤਸਵੀਰਾਂ ਤੇ ਵੀਡੀਓ ਵਾਇਰਲ ਕਰਨ ਵਾਲੇ ਲੋਕਾਂ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਜਾਣ ਬੁੱਝ ਕੇ ਅਜਿਹੀਆਂ ਤਸਵੀਰਾਂ ਤੇ ਵੀਡੀਓ ਵਾਇਰਲ ਕਰ ਰਹੇ ਹਨ ਜਿਹਨਾਂ ਦਾ ਮਕਸਦ ਸਮਾਜ ਵਿਚ ਕੁੜਤਣ ਪੈਦਾ ਕਰਨਾ ਹੈ। ਉਹਨਾਂ ਕਿਹਾ ਕਿ ਅਜਿਹੀਆਂ ਹਰਕਤਾਂ ਵਿਚ ਸਿੱਖ ਭਾਈਚਾਰੇ ਨੂੰ ਵਿਸ਼ੇਸ਼ ਕਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਉਹਨਾਂ ਅਜਿਹੇ ਅਨਸਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਸਿੱਖ ਕੌਮ ਇਹਨਾਂ ਹਰਕਤਾਂ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗੀ ਅਤੇ ਇਹਨਾਂ ਦੇ ਖਿਲਾਫ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਵਾਈ ਅਧਿਆਪਕ ਵਰਕਸ਼ਾਪ, ਅਧਿਆਪਕਾਂ ਨੂੰ ਕੀਤਾ ਸਨਮਾਨਿਤ

# ਸਟੱਡੀ ਸਰਕਲ ਦੇ ਸੇਵਾ ਕਾਰਜ ਸ਼ਲਾਘਾਯੋਗ : ਪ੍ਰਧਾਨ ਹਰਦੀਪ ਸਿੰਘ










ਬਠਿੰਡਾ, 16 ਅਗਸਤ (ਗੁਰਜੰਟ ਸਿੰਘ ਨਥੇਹਾ)- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਬਠਿੰਡਾ ਖੇਤਰ ਵੱਲੋਂ ਟੀਚਰ ਹੋਮ, ਬਠਿੰਡਾ ਵਿਖੇ ਅਧਿਆਪਕ ਵਰਕਸ਼ਾਪ ਕਰਵਾਈ ਗਈ, ਜਿਸ ਵਿੱਚ ਵੱਖ-ਵੱਖ ਸਕੂਲਾਂ/ ਕਾਲਜਾਂ ਦੇ ਅਧਿਆਪਕਾਂ, ਮੁੱਖ ਅਧਿਆਪਕਾਂ, ਪ੍ਰੋਫ਼ੈਸਰਾਂ ਤੇ ਪ੍ਰਿੰਸੀਪਲ ਸਾਹਿਬਾਨਾਂ ਨੇ ਸ਼ਮੂਲੀਅਤ ਕੀਤੀ। ਬਠਿੰਡਾ ਖੇਤਰ ਦੇ ਪ੍ਰਧਾਨ ਬਲਵੰਤ ਸਿੰਘ ਕਾਲਝਰਾਣੀ ਵੱਲੋਂ ਹਾਜ਼ਰੀਨ ਨੂੰ ਜੀ ਆਇਆ ਨੂੰ ਆਖਿਆ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮਿਸ਼ਨ ਦੀ ਜਾਣਕਾਰੀ ਦਿੱਤੀ। ਇਸ ਮੌਕੇ ਮੁੱਖ ਬੁਲਾਰੇ ਲੈਕਚਰਾਰ ਨਰਿੰਦਰ ਪਾਲ ਸਿੰਘ, ਮੁਕਤਸਰ ਸਾਹਿਬ ਨੇ ਬੋਲਦਿਆਂ ਕਿਹਾ ਕਿ ਅਧਿਆਪਨ ਦਾ ਕਿੱਤਾ ਪਰਮਾਤਮਾ ਦੀ ਬਖਸ਼ਿਸ਼ ਨਾਲ ਮਿਲਦਾ ਹੈ, ਇਸ ਲਈ ਸਾਨੂੰ ਆਪਣੀਆਂ ਜਿੰਮੇਵਾਰੀਆਂ ਤੋਂ ਭੱਜਣਾ ਨਹੀਂ ਚਾਹੀਦਾ। ਉਹਨਾਂ ਕਿਹਾ ਕਿ ਕਿਸੇ ਵੀ ਕਾਰਨ ਵਿਦਿਆਰਥੀਆਂ ਪੜ੍ਹਾਈ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ ਤੇ ਵਿਦਿਆਰਥੀ ਨੂੰ ਚੰਗਾ ਇਨਸਾਨ ਬਣਾਉਣ ਵਿੱਚ ਅਧਿਆਪਕ ਦਾ ਸਭ ਤੋਂ ਵੱਡਾ ਰੋਲ ਹੁੰਦਾ ਹੈ। ਉਹਨਾਂ ਕਿਹਾ ਕਿ ਅਨੈਤਿਕਤਾ ਤੇ ਹੋਰ ਸਮਾਜਿਕ ਬੁਰਾਈਆਂ ਦੇ ਵਗ ਰਹੇ ਦਰਿਆ ਨੂੰ ਬੰਨ੍ਹ ਮਾਰਨ ਲਈ ਸਾਨੂੰ ਸੁਚੇਤ ਹੋਣ ਤੇ ਅਗਵਾਈ ਕਰਨ ਦੀ ਲੋੜ ਹੈ। ਵਰਕਸ਼ਾਪ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਗੁਰੂ ਸਿੰਘ ਸਭਾ ਖਾਲਸਾ ਦੀਵਾਨ ਬਠਿੰਡਾ ਦੇ ਪ੍ਰਧਾਨ ਹਰਦੀਪ ਸਿੰਘ ਖਾਲਸਾ ਉਚੇਚੇ ਤੌਰ ਤੇ ਪਹੁੰਚੇ। ਉਹਨਾਂ ਕਿਹਾ ਕਿ ਸਟੱਡੀ ਸਰਕਲ ਦੇ ਸੇਵਾ ਕਾਰਜ ਸ਼ਲਾਘਾਯੋਗ ਹਨ ਅਤੇ ਸਾਨੂੰ ਇਹਨਾਂ ਕਾਰਜਾਂ ਨਾਲ ਵੱਡੀ ਗਿਣਤੀ ਜੁੜਣਾ ਚਾਹੀਦਾ ਹੈ। ਉਹਨਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕੀਤੀ ਤੇ ਉਨਾਂ ਨੂੰ ਸੰਸਥਾ ਵੱਲੋਂ ਸਿਰੋਪਾਓ ਤੇ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ। ਜੈਤੋ ਖੇਤਰ ਦੇ ਸੇਵਾਦਾਰ ਵੀਰ ਅਤੇ ਅਧਿਆਪਕ ਵਿੰਗ ਦੇ ਸਟੇਟ ਕੋਆਰਡੀਨੇਟਰ ਅਧਿਆਪਕ ਕਰਮਜੀਤ ਸਿੰਘ ਵੱਲੋਂ ਵੀ ਵਿਚਾਰ ਅਧਿਆਪਕਾਂ ਕੋਲ ਰੱਖੇ ਗਏ। ਗੁਰੂ ਸਿੰਘ ਸਟੱਡੀ ਸਰਕਲ ਬਠਿੰਡਾ ਖੇਤਰ ਵੱਲੋਂ ਵਰਕਸ਼ਾਪ ਵਿੱਚ ਭਾਗ ਲੈਣ ਆਏ ਅਧਿਆਪਕਾਂ ਨੂੰ ਡਾਇਰੀਆਂ, ਸਰਟੀਫਿਕੇਟ ਆਦਿ ਸਨਮਾਨ ਵਜੋਂ ਦਿੱਤੇ ਗਏ। ਸਰਕਲ ਦੇ ਸਰਪਰਸਤ ਬਾਪੂ ਬਲਵੰਤ ਸਿੰਘ ਬਠਿੰਡਾ ਨੇ ਸਾਰੇ ਆਏ ਹੋਏ ਮਹਿਮਾਨਾਂ, ਅਧਿਆਪਕਾਂ, ਮੁੱਖ ਅਧਿਆਪਕਾਂ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵੀਰਾਂ ਦਾ ਧੰਨਵਾਦ ਕੀਤਾ ਤੇ ਹੋਰ ਸੇਵਾ ਕਰਨ ਦੀਆਂ ਪ੍ਰੇਰਨਾਵਾਂ ਦਿੱਤੀਆਂ। ਬਠਿੰਡਾ ਖੇਤਰ ਦੇ ਸਕੱਤਰ ਸਟੇਜ ਸਕੱਤਰ ਦੀ ਜਿੰਮੇਵਾਰੀ ਡਾ. ਗੁਰਜਿੰਦਰ ਸਿੰਘ ਰੋਮਾਣਾ ਵੱਲੋਂ ਸੰਭਾਲੀ ਗਈ। ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਦੇ ਵੀਰ ਇਕਬਾਲ ਸਿੰਘ ਕਾਉਣੀ, ਹਰਪਾਲ ਸਿੰਘ, ਊਧਮ ਸਿੰਘ, ਗੁਰਸੇਵਕ ਸਿੰਘ ਚੁੱਘੇ ਖੁਰਦ, ਸੁਰਿੰਦਰ ਪਾਲ ਸਿੰਘ ਬੱਲੂਆਣਾ, ਰਮਨਦੀਪ ਸਿੰਘ, ਪਵਿੱਤਰਪਾਲ ਕੌਰ ਆਦਿ ਹਾਜ਼ਰ ਸਨ।

ਸਿਹਤ ਵਿਭਾਗ ਅੰਮ੍ਰਿਤਸਰ ਵਲੋਂ

# ਦੇਸ਼ ਦੇ 79ਵੇਂ ਅਜਾਦੀ ਦਿਵਸ ਮੌਕੇ ਫਹਿਰਾਇਆ ਤਿਰਗਾ ਝੰਡਾ



ਚੌਕ ਮਹਿਤਾ,15 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ )ਮਾਨਯੋਗ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਵੱਲੋਂ ਜਿਲ੍ਹਾ ਪੱਧਰੀ ਸਮਾਗਮ ਦੌਰਾਨ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਹਾਇਕ ਸਿਵਲ ਸਰਜਨ ਡਾਕਟਰ ਰਜਿੰਦਰ ਪਾਲ ਕੌਰ ਵਲੋਂ ਦੇਸ਼ ਦੇ 79 ਵੇਂ ਅਜਾਦੀ ਦਿਵਸ ਮੌਕੇ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ ਤਿੰਰਗਾ ਝੰਡਾ ਫਹਿਰਾਇਆ ਗਿਆ। ਇਸ ਅਵਸਰ ਤੇ ਉਹਨਾਂ ਵਲੋ ਦੇਸ਼ ਸੇਵਾ ਲਈ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਦੇਸ਼ ਭਾਵਨਾਂ ਨਾਲ ਮਨੁਖੱਤਾ ਦੀ ਸੇਵਾ ਕਰਨ ਦਾ ਸ਼ੰਦੇਸ਼ ਦਿੱਤਾ। ਇਸ ਉਪਰੰਤ ਗੁਰੂ ਨਾਨਕ ਸਟੇਡੀਅਮ ਵਿਖੇ ਜਿਲਾ ਪੱਧਰੀ ਸਮਾਗਮ ਦੌਰਾਨ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਜੀ ਵੱਲੋਂ ਗੁਰੂ ਨਾਨਕ ਸਟੇਡੀਅਮ ਗਾਂਧੀ ਗਰਾਉਂਡ ਵਿਖੇ ਵਧੀਆ ਕਾਰਗੁਜਾਰੀ ਕਰਨ ਵਾਲੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਵਾਰਡ ਦੇ ਨਿਵਾਜਿਆ। ਇਸ ਅਵਸਰ ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਐਸ.ਐਮ.ਓ. ਡਾ ਨੀਰਜ ਭਾਟੀਆ, ਐਸਐਮਓ ਡਾ ਮਨਜੀਤ ਸਿੰਘ ਰਟੌਲ, ਸਹਾਇਕ ਕਮਿਸ਼ਨਰ ਸ੍ਰੀ ਰਜਿੰਦਰ ਪਾਲ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਜਸਕਰਨ ਜੋਤ ਕੌਰ, ਡਾ ਮਨਿੰਦਰ ਸਿੰਘ, ਅਕਾਊਂਟ ਅਫਸਰ ਮਲਵਿੰਦਰ ਸਿੰਘ, ਆਚਾਰਿਆ ਗੁਰਮੀਤ ਸਿੰਘ, ਨਰਸਿੰਗ ਸਿਸਟਰ ਹਰਜਿੰਦਰ ਕੌਰ, ਲੈਬ ਟੈਕਨੀਸ਼ੀਅਨ ਸਮੀਰ ਸ਼ਰਮਾ, ਰਜਿੰਦਰ ਸਿੰਘ, ਆਦਿ ਨੂੰ ਸਨਮਾਨ ਦੇ ਕੇ ਨਿਵਾਜਿਆ ਗਿਆ। ਇਸ ਅਵਸਰ ਤੇ ਜ਼ਿਲਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ, ਜਿਲਾ ਸਿਹਤ ਅਫਸਰ ਡਾ ਜਸਪਾਲ ਸਿੰਘ ਸੀਨੀਅਰ ਮੈਡੀਕਲ ਅਫਸਰ ਡਾ ਰਸ਼ਮੀ ਵਿੱਜ, ਅਵਤਾਰ ਸਿੰਘ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸ਼ਰਧਾਲੂਆਂ ਵਿੱਚ ਵਿਚਰ ਕੇ ਧੂਮਧਾਮ ਨਾਲ ਮਨਾਈ ਜਨਮ ਅਸ਼ਟਮੀ



**ਲਹਿਰਾ ( ਰਣਜੀਤ ਸਿੰਘ ਪੇਧਨੀ )**-ਜਨਮ ਅਸ਼ਟਮੀ ਦੇ ਪਵਿੱਤਰ ਦਿਹਾੜੇ 'ਤੇ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਲਹਿਰਾ ਮੰਡੀ ਵਿਖੇ ਮੰਦਿਰ ਵਿੱਚ ਨਤਮਸਤਕ ਹੋਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਉਹ ਜਨਮ ਅਸ਼ਟਮੀ ਨੂੰ ਲੈ ਕੇ ਇੱਥੇ ਮੰਦਰ ਵਿਖੇ ਨਤਮਸਤਕ ਹੋਏ ਹਨ, ਜਿੱਥੇ ਜਨਮ ਅਸ਼ਟਮੀ ਧੂਮ ਧਾਮ ਨਾਲ ਮਨਾਈ ਜਾ ਰਹੀ ਹੈ ਤੇ ਭਜਨ ਮੰਡਲੀਆਂ ਵੱਲੋਂ ਭਜਨ ਸੁਣਾ ਕੇ ਹਾਜ਼ਰੀਨ ਸ਼ਰਧਾਲੂਆਂ ਨੂੰ ਨਿਹਾਲ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸਾਰੇ ਧਰਮ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੇ ਹਨ ਤੇ ਸਾਨੂੰ ਇਹ ਸੁਨੇਹਾ ਮਨ ਵਿੱਚ ਵਸਾ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ ਤੇ ਨਾਲ ਹੀ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ। ਸ਼੍ਰੀ ਗੋਇਲ ਨੇ ਕਿਹਾ ਕਿ ਉਹ ਖੁਦ ਨੂੰ ਵੱਡੇ ਭਾਗਾਂ ਵਾਲੇ ਸਮਝਦੇ ਹਨ ਕਿ ਉਹਨਾਂ ਨੂੰ ਇੱਥੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਨੁਮਾਇੰਦੇ ਹਰ ਵੇਲੇ ਲੋਕਾਂ ਦੀ ਕਚਹਿਰੀ ਵਿੱਚ ਹਾਜ਼ਰ ਰਹਿੰਦੇ ਹਨ ਅਤੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਜਾਣਕਾਰੀ ਰੱਖਦੇ ਹਨ ਤੇ ਉਹਨਾਂ ਸਮੱਸਿਆਵਾਂ ਦਾ ਦਾ ਸਥਾਈ ਹੱਲ ਕੀਤਾ ਜਾਂਦਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ ਰਾਤ ਇੱਕ ਕਰ ਕੇ ਕੰਮ ਕਰ ਰਹੀ ਹੈ ਤੇ ਲਗਾਤਾਰ ਲੋਕਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਪੀ.ਏ.ਰਾਕੇਸ਼ ਕੁਮਾਰ ਗੁਪਤਾ, ਰਮੇਸ਼ਰ ਸ਼ਰਮਾ, ਜੀਵਨ ਕੁਮਾਰ, ਅਰਵਿੰਦਰ ਕੁਮਾਰ ਬੱਬੂ, ਸ਼੍ਰੀ ਲੱਭੀ, ਗੁਰਲਾਲ ਸਿੰਘ ਸਾਬਕਾ ਐਮ.ਸੀ., ਸਮੇਤ ਵੱਖ ਵੱਖ ਅਹੁਦੇਦਾਰ, ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

# ਆਜ਼ਾਦੀ ਦਿਹਾੜਾ ਧੂਮਧਾਮ ਨਾਲ ਮਨਾਇਆ




**ਧੂਰੀ (ਰਣਜੀਤ ਸਿੰਘ ਪੇਧਨੀ)**-ਕਾਰਗਿਲ ਸ਼ਹੀਦ ਸਿਪਾਹੀ ਜਸਵੰਤ ਸਿੰਘ ਸਕੂਲ ਆਫ਼ ਐਮੀਨੈਂਸ ਭਸੌੜ ਜਿਲ੍ਹਾ ਸੰਗਰੂਰ ਵੱਲੋਂ ਹਰ ਸਾਲ ਦੀ ਤਰ੍ਹਾਂ 79ਵਾਂ ਆਜ਼ਾਦੀ ਦਿਵਸ ਬਹੁਤ ਹੀ ਧੂਮਧਾਮ ਨਾਲ਼ ਮਨਾਇਆ ਗਿਆ ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਣ ਵਾਲ਼ੇ ਮੈਡਮ ਨੀਲਮ ਜਿੰਦਲ ( ਲੈਕ. ) ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਪ੍ਰਵੀਨ ਕੁਮਾਰ ਬਾਂਸਲ ਚੇਅਰਮੈਨ ਮਾਸਟਰ ਕੁੰਦਨ ਲਾਲ ਯਾਦਗਾਰੀ ਟਰੱਸਟ ਭਸੌੜ ਸਨ । ਉਨ੍ਹਾਂ ਤੋਂ ਇਲਾਵਾ ਸਰਪੰਚ ਬਹਾਦਰ ਸਿੰਘ , ਸਮੂਹ ਪੰਚਾਇਤ ਮੈਂਬਰ ਸਾਹਿਬਾਨ, ਸਕੂਲ ਮੈਨੇਜਮੈਂਟ ਕਮੇਟੀ ਦੀ ਪ੍ਰਧਾਨ ਸ਼੍ਰੀਮਤੀ ਅਮਨਦੀਪ ਕੌਰ , ਸਮੂਹ ਕਮੇਟੀ ਮੈਂਬਰ ਸਾਹਿਬਾਨ ,ਆਮ ਆਦਮੀ ਪਾਰਟੀ ਆਗੂ ਰਮਨਦੀਪ ਸਿੰਘ ਜਵੰਧਾ ਅਤੇ ਵਿਦਿਆਰਥੀਆਂ ਦੇ ਦੇ ਮਾਪੇ ਹਾਜ਼ਰ ਸਨ ।ਸਮੇਂ ਸਿਰ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਰੰਗਾ ਰੰਗ ਪ੍ਰੋਗਰਾਮ ਵਿੱਚ ਗੀਤ , ਕਵਿਤਾਵਾਂ , ਭਾਸ਼ਨ , ਸਕਿੱਟ , ਕੋਰੀਓਗਰਾਫੀ , ਅਤੇ ਗਿੱਧਾ ਭੰਗੜਾ ਵਿਸ਼ੇਸ਼ ਖਿੱਚ ਦਾ ਕੇਂਦਰ ਸਨ । ਸ਼ੁਰੂਆਤੀ ਦੌਰ ਵਿੱਚ ਸ. ਦਲਜੀਤ ਸਿੰਘ ( ਲੈਕ. ) ਵੱਲੋਂ ਸੁਆਗਤੀ ਸ਼ਬਦ ਅਤੇ ਆਜ਼ਾਦੀ ਦਿਵਸ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਹਾਜ਼ਰੀਨ ਨਾਲ਼ ਸਾਂਝੇ ਕੀਤੇ । ਪ੍ਰਿੰਸੀਪਲ ਸ. ਅਰਜਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਪ੍ਰਾਪਤੀਆਂ ਦਾ ਵਰਨਣ ਕਰਦਿਆਂ ਸਕੂਲ ਦੀਆਂ ਲੋੜਾਂ ਬਾਰੇ ਵੀ ਗ੍ਰਾਮ ਪੰਚਾਇਤ ਨੂੰ ਜਾਣੂੰ ਕਰਵਾਇਆ । ਹੋਰਨਾਂ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਅਤੇ ਸੇਵਾ ਮੁਕਤ ਅਧਿਆਪਕ ਸ. ਦਵਿੰਦਰ ਸਿੰਘ ਭਸੌੜ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ।ਅਖੀਰ ਵਿੱਚ ਪੜ੍ਹਾਈ , ਖੇਡਾਂ ਅਤੇ ਹੋਰ ਸਰਗਰਮੀਆਂ ਵਿੱਚ ਮੱਲਾਂ ਮਾਰਨ ਵਾਲ਼ੇ ਵਿਦਿਆਰਥੀਆਂ ਤੋਂ ਇਲਾਵਾ ਸਮਾਗਮ ਵਿੱਚ ਹਿੱਸਾ ਲੈਣ ਵਾਲ਼ੇ ਨੰਨ੍ਹੇ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ।




ਪਿਛਲੇ ਕੁਝ ਸਮੇਂ ਤੋਂ ਸਪੇਨ ਵਿੱਚ ਇੰਡੀਅਨ ਐਂਬੈਸੀ ਵੱਲੋਂ ਪਾਸਪੋਰਟ ਰੀਨਿਊ ਨਹੀਂ ਕੀਤੇ ਜਾ ਰਹੇ। ਜਿਸ ਕਰਕੇ ਸਪੇਨ ਦੇ ਸਮੁੱਚੇ ਭਾਰਤੀ ਖਾਸਕਰ ਪੰਜਾਬੀ ਅਤੇ ਸਿੱਖ ਭਾਈਚਾਰੇ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਤੱਕ ਅਜਿਹੇ ਕੇਸਾਂ ਦੀ ਗਿਣਤੀ 15-1600 ਦੇ ਲਗਭਗ ਹੋ ਚੁੱਕੀ ਹੈ । ਮੈਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਜੀ ਨੂੰ ਅਪੀਲ ਕਰਦਾ ਹਾਂ ਕਿ ਉਹ ਜਲਦ ਤੋਂ ਜਲਦ ਸਪੇਨ ਵਿਚਲੀ ਭਾਰਤੀ ਐਂਬੈਸੀ ਨਾਲ ਸੰਪਰਕ ਕਰਨ ਅਤੇ ਉੱਥੇ ਰਹਿ ਰਹੇ ਪਰਵਾਸੀਆਂ ਦੀ ਮੁਸ਼ਕਲ ਨੂੰ ਹੱਲ ਕਰਦੇ ਹੋਏ, ਐਂਬੈਸੀ ਨੂੰ ਪਾਸਪੋਰਟ ਰੀਨਿਊ ਕਰਨ ਦੇ ਆਦੇਸ਼ ਜਾਰੀ ਕਰਨ।

**-ਸਰਬਜੀਤ ਸਿੰਘ ਖਾਲਸਾ**
**ਸੰਸਦ ਮੈਂਬਰ, ਲੋਕ ਸਭਾ ਹਲਕਾ ਫਰੀਦਕੋਟ।**

ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ

# ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ



ਬਿਲਾਸਪੁਰ / ਮੋਗਾ -(ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਵਿਖੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬਹੁਤ ਹੀ ਧੂਮ ਧਾਮ ਨਾਲ ਮਨਾਈ ਗਈ, ਇਸ ਮੌਕੇ ਕਲਾਸ ਨਰਸਰੀ ਤੋਂ ਕਲਾਸ ਤੀਸਰੀ ਤੱਕ ਦਾ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ।ਸਾਰੇ ਹੀ ਨੰਨੇ ਮੁੰਨੇ ਵਿਦਿਆਰਥੀ ਵੱਖ-ਵੱਖ ਰੰਗ ਬਰੰਗੀਆਂ ਡਰੈੱਸਾਂ ਵਿੱਚ ਬਹੁਤ ਹੀ ਖ਼ੂਬਸੂਰਤ ਲੱਗ ਰਹੇ ਸਨ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾ ਦੇ ਡਾਂਸ ਪੇਸ਼ ਕੀਤੇ, ਸਕੂਲ ਸਟਾਫ਼ ਵੱਲੋਂ ਸ਼੍ਰੀ ਕ੍ਰਿਸ਼ਨ ਜੀ ਦੇ ਜੀਵਨ ਪ੍ਰਤੀ ਚਾਨਣਾ ਪਾਇਆ, ਜਿਸ ਨੂੰ ਸਾਰੇ ਹੀ ਵਿਦਿਆਰਥੀਆਂ ਨੇ ਬਹੁਤ ਹੀ ਧਿਆਨ ਨਾਲ ਸੁਣਿਆ ਇਸ ਤੋਂ ਇਲਾਵਾ ਸਕੂਲ ਹਾਊਸ ਬੋਰਡ ਨੂੰ ਸਜਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ ।ਜਿਸ ਵਿੱਚ ਸਾਰੇ ਹੀ ਹਾਊਸ ਦੇ ਵਿਦਿਆਰਥੀਆ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਤੇ ਬੋਲਦੇ ਹੋਏ ਸਕੂਲ ਪ੍ਰਧਾਨ ਸਰਦਾਰ ਚਰਨ ਸਿੰਘ ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ ਅਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਤੇ ਬੋਲਦੇ ਹੋਏ ਕਿਹਾ ਕਿ ਸਕੂਲ ਵਿੱਚ ਸਭ ਧਰਮਾਂ ਦੇ ਦਿਨ ਤਿਉਹਾਰਾਂ ਨੂੰ ਮਨਾਉਣ ਦਾ ਮੁੱਖ ਮਕਸਦ ਬੱਚਿਆਂ ਅੰਦਰ ਸਾਰੇ ਹੀ ਧਰਮਾਂ ਪ੍ਰਤੀ ਸ਼ਰਧਾ ਭਾਵਨਾ ਪੈਦਾ ਕਰਨਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਮਿਠਾਈ ਨਾਲ ਮੂੰਹ ਮਿੱਠਾ ਕਰਵਾਇਆ ਗਿਆ।

## ਸੀਨੀਅਰ ਜਰਨਲਿਸਟ ਕੰਵਲਜੀਤ ਵਾਲੀਆ ਨੂੰ ਜ਼ਿਲ੍ਹਾ ਪ੍ਰਸ਼ਾਸ਼ਨ ਅੰਮ੍ਰਿਤਸਰ ਵੱਲੋਂ ਕੀਤਾ ਗਿਆ ਸਨਮਾਨਿਤ



**ਚੌਕ ਮਹਿਤਾ, 16 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )** - ਅੰਮ੍ਰਿਤਸਰ ਦੇ ਸੀਨੀਅਰ ਜਰਨਲਿਸਟ ਕੰਵਲਜੀਤ ਸਿੰਘ ਵਾਲੀਆ ਨੂੰ ਉਨ੍ਹਾਂ ਦੀ ਪੱਤਰਕਾਰਤਾ ਦੇ ਖੇਤਰ ਵਿੱਚ ਅਪਣੀਆਂ ਵਡਮੁੱਲੀਆਂ ਸੇਵਾਵਾਂ ਦੇਣ ਅਤੇ ਸਮਾਜ ਸੇਵੀਂ ਕਾਰਜਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ ਲਈ ਅੱਜ ਪੰਜਾਬ ਸਰਕਾਰ ਵੱਲੋਂ 15 ਅਗਸਤ ਨੂੰ ਗੁਰੂ ਨਾਨਕ ਖੇਡ ਸਟੇਡੀਅਮ ਅੰਮ੍ਰਿਤਸਰ ਵਿਖੇ ਕਰਵਾਏ ਜਿਲ੍ਹਾਂ ਪੱਧਰੀ ਅਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ.ਬਲਬੀਰ ਸਿੰਘ,ਵਿਧਾਇਕ ਮੈਡਮ ਜੀਵਨਜੋਤ ਕੌਰ,ਵਿਧਾਇਕ ਡਾ.ਜਸਬੀਰ ਸਿੰਘ ਸੰਧੂ,ਵਿਧਾਇਕ ਕੁਲਦੀਪ ਸਿੰਘ ਧਾਲੀਵਾਲ,ਵਿਧਾਇਕ ਇੰਦਰਬੀਰ ਸਿੰਘ ਨਿੱਜਰ,ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ,ਡਿਪਟੀ ਕਮਿਸ਼ਨਰ ਸਾਖਸ਼ੀ ਸਾਹਨੀ,ਮੇਅਰ ਅੰਮ੍ਰਿਤਸਰ ਜਤਿੰਦਰ ਸਿੰਘ ਮੋਤੀ ਭਾਟੀਆ,ਵਿਧਾਇਕ ਡਾ.ਅਜੇ ਗੁਪਤਾ ਵੱਲੋਂ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਪੱਤਰਕਾਰ ਵਾਲੀਆ ਬੜੇ ਲੰਬੇ ਸਮੇਂ ਤੋਂ ਪੱਤਰਕਾਰਤਾ ਨਾਲ ਜੁੜੇ ਹੋਏ ਹਨ ਅਤੇ ਉਹ ਜਗਬਾਣੀ ਅਤੇ ਪੰਜਾਬੀ ਜਾਗਰਣ ਦੇ ਬਿਊਰੋ ਚੀਫ ਵੀ ਰਹੇ ਹਨ।ਪੱਤਰਕਾਰ ਕੰਵਲਜੀਤ ਸਿੰਘ ਵਾਲੀਆ ਪੱਤਰਕਾਰੀ ਦੇ ਨਾਲ-ਨਾਲ ਸਮਾਜ ਸੇਵੀਂ ਕਾਰਜਾਂ ਵਿੱਚ ਵੀ ਵੱਧ ਚੜ੍ਹਕੇ ਹਿੱਸਾ ਲੈਂਦੇ ਹਨ ਉਹ 'ਮਾਣ ਧੀਆਂ ਤੇ' ਸੋਸਾਇਟੀ ਅਤੇ ਹੋਰ ਕਈ ਨਾਮੀ ਸਮਾਜ ਸੇਵੀਂ ਸੋਸਾਇਟੀਆਂ,ਕਲੱਬਾਂ ਅਤੇ ਜਥੇਬੰਦੀਆਂ ਨਾਲ ਜੁੜੇ ਹੋਏ ਹਨ।

## ਸਿੱਖ ਕੌਮ ਜਲਦ ਹੀ ਅਜ਼ਾਦ ਹੋਵੇਗੀ, ਸੰਘਰਸ਼ ਜਾਰੀ ਰੱਖੋ ਸਿੱਖੋ : ਭਾਈ ਗੁਰਪ੍ਰੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ, 16 ਅਗਸਤ (ਆਵਾਜ਼ਿ ਕੌਮ ਬਿਊਰੋ)**-ਦਮਦਮੀ ਟਕਸਾਲ ਦੇ ਆਗੂ ਭਾਈ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਆਜ਼ਾਦ ਭਾਰਤ ਵਿੱਚ ਸਿੱਖ ਕੌਮ ਨਾਲ ਹਿੰਦੂ ਹਾਕਮਾਂ ਵੱਲੋਂ ਗੁਲਾਮਾਂ ਵਾਲਾ ਵਤੀਰਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇੱਕ ਦਿਨ ਵੀ ਐਸਾ ਨਹੀਂ ਹੋਣਾ, ਜਦੋਂ ਪੰਜਾਬ ਤੇ ਭਾਰਤ ਸਰਕਾਰ ਵੱਲੋਂ ਸਿੱਖ ਕੌਮ ਨੂੰ ਪੀੜ ਅਤੇ ਸੰਤਾਪ ਨਾ ਦਿੱਤਾ ਜਾਂਦਾ ਹੋਵੇ, ਕਦੇ ਸਾਡੇ ਪੰਜਾਬੀ ਬੋਲੀ ਉੱਤੇ ਪਾਬੰਦੀ ਅਤੇ ਕਦੇ ਕਕਾਰਾਂ 'ਤੇ ਪਾਬੰਦੀ ਲੱਗਦੀ ਹੈ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਦੀ ਨਸਲਕੁਸ਼ੀ ਕੀਤੀ ਜਾਂਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਗਾਤਾਰ ਬੇਅਦਬੀਆਂ ਹੋ ਰਹੀਆਂ ਹਨ, ਸਿੱਖ ਹੋਣਾ ਹੀ ਇਸ ਦੇਸ਼ ਵਿੱਚ ਪਾਪ ਹੋ ਗਿਆ ਹੈ। ਉਹਨਾਂ ਕਿਹਾ ਕਿ 1947 ਵਿੱਚ ਅਸੀਂ ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਵਿੱਚ ਫਸ ਗਏ, ਸਾਨੂੰ ਜਰਾਇਮ ਪੇਸ਼ਾ ਕੌਮ ਐਲਾਨਿਆ ਗਿਆ, ਪੰਜਾਬੀ ਸੂਬੇ ਮੋਰਚੇ ਵਿੱਚ ਅਨੇਕਾਂ ਸ਼ਹਾਦਤਾਂ ਤੇ ਕੁਰਬਾਨੀਆਂ ਕਰਨੀਆਂ ਪਈਆਂ, ਫਿਰ ਜਦੋਂ ਧਰਮ ਯੁੱਧ ਮੋਰਚੇ ਰਾਹੀਂ ਸਿੱਖਾਂ ਨੇ ਆਪਣੇ ਹੱਕ ਮੰਗੇ ਤਾਂ ਹਿੰਦ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ, ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ, ਬੁੱਚੜ ਪੁਲਿਸ ਅਫਸਰਾਂ ਨੇ ਤਰੱਕੀਆਂ ਲੈਣ ਲਈ ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣਾ ਦਿੱਤਾ। ਭਾਈ ਗੁਰਪ੍ਰੀਤ ਸਿੰਘ ਦਮਦਮੀ ਟਕਸਾਲ ਨੇ ਸਪੱਸ਼ਟ ਕਿਹਾ ਕਿ ਅੱਜ ਲੋੜ ਹੈ ਕਿ ਸਿੱਖ ਕੌਮ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਖ਼ਾਲਿਸਤਾਨ ਦੇ ਸੰਘਰਸ਼ ਉੱਤੇ ਪਹਿਰਾ ਦੇਵੇ ਅਤੇ ਖ਼ਾਲਿਸਤਾਨ ਦੀ ਆਜ਼ਾਦੀ ਦੇ ਨਾਲ ਹੀ ਸਿੱਖ ਕੌਮ ਦਾ ਭਵਿੱਖ ਰੋਸ਼ਨ ਹੋਵੇਗਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਜਿਹੜੀਆਂ ਸਿੱਖ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਹੋਰ ਸੰਗਤਾਂ ਨੇ 15 ਅਗਸਤ ਦਾ ਬਾਈਕਾਟ ਕਰਦਿਆਂ ਕਾਲ਼ੇ ਦਿਨ ਵਜੋਂ ਮਨਾਇਆ। ਅਸੀਂ ਉਹਨਾਂ ਜਾਗਦੀ ਜਮੀਰ ਵਾਲੇ ਸਿੰਘਾਂ ਦੀ ਸ਼ਲਾਘਾ ਕਰਦੇ ਹਾਂ ਅਤੇ ਕਾਂਗਰਸੀਆਂ, ਬਾਦਲਕਿਆਂ, ਝਾੜੂ ਪਾਰਟੀ ਤੇ ਭਾਜਪਾ ਨਾਲ ਸੰਬੰਧਤ ਸਿੱਖਾਂ ਨੂੰ ਵੀ ਆਖਦੇ ਹਾਂ ਕਿ ਉਹ ਸਰਕਾਰਾਂ ਦੇ ਤਲਵੇ ਚੱਟਣ ਦੀ ਬਜਾਏ ਸਿੱਖ ਕੌਮ ਅਤੇ ਪੰਜਾਬ ਨਾਲ ਖੜ੍ਹਨ। ਭਾਈ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਡੇ ਪੱਧਰ ਉੱਤੇ ਖ਼ਾਲਿਸਤਾਨ ਦੀ ਲਹਿਰ ਜ਼ੋਰ ਫੜ ਚੁੱਕੀ ਹੈ, ਹੁਣ ਛੇਤੀ ਹੀ ਸਾਡਾ ਆਜ਼ਾਦ ਮੁਲਕ ਖਾਲਿਸਤਾਨ ਹੋਂਦ ਵਿੱਚ ਆਏਗਾ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243






ਆਵਾਜ਼ਿ ਕੌਮ AWAZE QAUM International Newspaper & WEB TV

ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵਕਤ ਵੱਡਾ ਸਿਆਸੀ ਬਲ ਮਿਲਿਆ ਜਦੋਂ ਪਾਰਟੀ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹਰਿੰਦਰ ਸਿੰਘ ਖਾਲਸਾ (ਨਾਰਵੇ) ਸਾਬਕਾ ਮੈਂਬਰ ਪਾਰਲੀਮੈਂਟ ਆਪਣੇ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਸਰਦਾਰ ਮੇਜਰ ਸਿੰਘ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਆਪਣੀ ਫੈਡਰੇਸ਼ਨ ਭੰਗ ਕਰਕੇ ਆਪਣੇ ਸਾਥੀਆਂ ਸਮੇਤ ਸ਼ਾਮਿਲ ਹੋਏ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਇਕਬਾਲ ਸਿੰਘ ਝੂੰਦਾਂ, ਸੰਤਾ ਸਿੰਘ ਉਮੈਦਪੁਰੀ, ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਸੁਰਿੰਦਰ ਕੌਰ ਦਿਆਲ, ਸਰਦਾਰ ਪਰਮਿੰਦਰ ਸਿੰਘ, ਸਰਦਾਰ ਗੁਰਦੀਪ ਸਿੰਘ, ਗੁਰਸਾਹਿਬ ਸਿੰਘ ਸ਼ਾਮਲ ਸਨ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

***ਹਰਦੀਪ ਗਿੱਲ ਦੀ ਅਗਵਾਈ 'ਚ ਭਾਜਪਾ ਵੱਲੋਂ ਕੱਢੀ ਗਈ ਤਿਰੰਗਾ ਯਾਤਰਾ**

# ਕਾਂਗਰਸ ਨੇ ਆਜ਼ਾਦੀ ਦਿਹਾੜੇ ਤੇ ਜਗਦੀਸ਼ ਟਾਈਟਲਰ ਨੂੰ ਸੱਦ ਕਿ ਸਿੱਖਾਂ ਦੇ ਜਖਮਾਂ ਤੇ ਲੂਣ ਛਿੜਕਿਆ: ਹਰਦੀਪ ਗਿੱਲ



**ਜੰਡਿਆਲਾ ਗੁਰੂ, 16 ਅਗਸਤ ( ਕੁਲਵੰਤ ਸਿੰਘ ਵਿਰਦੀ )-** ਆਜ਼ਾਦੀ ਦਿਹਾੜੇ ਨੂੰ ਸਮਰਪਿਤ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿਖੇ ਭਾਜਪਾ ਵੱਲੋਂ ਤਿਰੰਗਾ ਯਾਤਰਾ ਜਿਲ੍ਹਾ ਪ੍ਰਧਾਨ ਦਿਹਾਤੀ ਹਰਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਕੱਢੀ ਗਈ। ਸਰਕਲ ਜੰਡਿਆਲਾ ਗੁਰੂ ਦਿਹਾਤੀ ਵੱਲੋਂ ਕੱਢੀ ਗਈ ਇਹ ਤਿਰੰਗਾ ਯਾਤਰਾ ਵਡਾਲੀ ਡੋਗਰਾ ਤੋਂ ਸ਼ੁਰੂ ਹੋ ਕੇ ਅਮਰਕੋਟ, ਮੇਹਰਬਾਨਪੁਰਾ, ਦੇਵੀਦਾਸਪੁਰਾ ਮੋੜ ਵਿਖੇ ਪਹੁੰਚ ਕੇ ਸਮਾਪਤ ਹੋਈ। ਇਸ ਤਿਰੰਗਾ ਯਾਤਰਾ ਦੇ ਦੌਰਾਨ ਭਾਜਪਾ ਵਰਕਰਾਂ ਅਤੇ ਆਗੂਆਂ ਵੱਲੋਂ ਭਾਰਤ ਮਾਤਾ ਦੀ ਜੈ ਦੇ ਆਕਾਸ਼ ਗੂੰਜਦੇ ਨਾਅਰੇ ਲਗਾਏ ਗਏ ਜਿਸ ਨਾਲ ਇਸ ਇਲਾਕੇ ਅੰਦਰ ਦੇਸ਼ ਭਗਤੀ ਦਾ ਰੰਗ ਭਰਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆ ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਜਿੱਥੇ ਪੂਰੇ ਦੇਸ਼ ਦੇ ਸੂਰਬੀਰਾਂ ਨੇ ਕੁਰਬਾਨੀਆਂ ਦਿੱਤੀਆਂ ਉੱਥੇ ਹੀ ਪੰਜਾਬ ਦੇ ਯੋਧਿਆਂ ਨੇ ਵੱਡੀ ਗਿਣਤੀ ਵਿੱਚ ਆਜਾਦੀ ਦੀ ਲੜਾਈ ਦੌਰਾਨ ਸ਼ਹਾਦਤਾਂ ਪ੍ਰਾਪਤ ਕੀਤੀਆਂ ਤੇ ਹੁਣ ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਦੇਸ਼ ਦੇ ਵਿਕਾਸ ਵਿੱਚ ਬਣਦਾ ਆਪਣਾ ਯੋਗਦਾਨ ਵੀ ਪਾਈਏ। ਹਰਦੀਪ ਗਿੱਲ ਨੇ ਕਿਹਾ ਕਿ ਕਾਂਗਰਸ ਨੇ 84 ਦੰਗਿਆਂ ਦੇ ਕਥਿਤ ਦੋਸ਼ੀ ਜਗਦੀਸ਼ ਟਾਈਟਲਰ ਨੂੰ ਨਵੀਂ ਦਿੱਲੀ ਵਿਖੇ ਆਪਣੇ ਆਜ਼ਾਦੀ ਦਿਹਾੜੇ ਵਾਲੇ ਸਮਾਗਮ ਵਿੱਚ ਸੱਦ ਕੇ ਸਿੱਖਾਂ ਦੇ ਜਖਮਾਂ 'ਤੇ ਲੂਣ ਛਿੜਕਿਆ ਹੈ। ਰਾਹੁਲ ਗਾਂਧੀ ਨੇ ਜਗਦੀਸ਼ ਟਾਈਟਲਰ ਦੀ ਫੋਟੋ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਵੀ ਪਾਈ ਹੈ ਜਿਸ ਤੋਂ ਗਾਂਧੀ ਪਰਿਵਾਰ ਦੀ ਸਿੱਖਾਂ ਪ੍ਰਤੀ ਸੋਚ ਦਾ ਪਤਾ ਲੱਗਦਾ ਹੈ। ਹਰਦੀਪ ਗਿੱਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪੂਰੇ ਵਿਸ਼ਵ ਵਿੱਚ ਭਾਰਤ ਦਾ ਲੋਹਾ ਮਨਵਾਇਆ ਹੈ ਅਤੇ ਅੱਜ ਹਰ ਖੇਤਰ ਵਿੱਚ ਸਾਡਾ ਦੇਸ਼ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ, ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਸੂਬੇ ਵਿੱਚ ਭਾਜਪਾ ਦੀ ਡਬਲ ਇੰਜਣ ਸਰਕਾਰ ਹੁਣ ਸਮੇਂ ਦੀ ਮੰਗ ਬਣ ਚੁੱਕੀ ਹੈ। ਉਹਨਾਂ ਕਿਹਾ ਕਿ ਪਾਕਿਸਤਾਨ ਨੂੰ ਭਾਰਤ ਨੇ ਸਰਜੀਕਲ ਸਟਰਾਈਕ, ਏਅਰ ਸਟਰਾਈਕ ਅਤੇ ਹੁਣ ਮਿਜਾਇਲਾਂ ਨਾਲ ਮੂੰਹ ਤੋੜਵਾਂ ਜਵਾਬ ਦਿੱਤਾ ਹੈ। ਨਰਿੰਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਨੇ ਦੇਸ਼ ਦੀ ਸੈਨਿਕ ਸ਼ਕਤੀ ਨੂੰ ਮਜਬੂਤ ਕੀਤਾ ਹੈ । ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਜਿਸ ਤਰੀਕੇ ਨਾਲ ਪਾਕਿਸਤਾਨ ਨੂੰ ਠੋਕਵਾਂ ਜਵਾਬ ਦਿੱਤਾ ਉਸ ਨਾਲ ਪੂਰੇ ਵਿਸ਼ਵ ਵਿੱਚ ਭਾਰਤ ਦੀ ਸੈਨਿਕ ਤਕਨੀਕ ਦਾ ਲੋਹਾ ਹੋਰਨਾਂ ਦੇਸ਼ਾਂ ਨੇ ਵੀ ਮੰਨਿਆ। ਦੇਸ਼ ਦੇ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਆਧੁਨਿਕ ਭਾਰਤ ਗੋਲੀ ਦਾ ਜਵਾਬ ਗੋਲੀ ਨਾਲ ਦਵੇਗਾ ਅਤੇ ਹੁਣ ਭਾਰਤ ਨੂੰ ਆਪਣੀ ਸੈਨਿਕ ਸ਼ਕਤੀ 'ਤੇ ਪੂਰਾ ਭਰੋਸਾ ਹੈ। ਇਸ ਮੌਕੇ ਚੇਅਰਮੈਨ ਕੰਵਰਬੀਰ ਸਿੰਘ ਮੰਜ਼ਿਲ, ਜਗਰੂਪ ਸਿੰਘ ਵਡਾਲੀ, ਸਾਬਕਾ ਸਰਪੰਚ ਬਲਵਿੰਦਰ ਸਿੰਘ ਜੰਡ, ਸੁਰਜੀਤ ਸਿੰਘ ਰਾਏਪੁਰ, ਨੰਬਰਦਾਰ ਗੁਰਦਿਆਲ ਸਿੰਘ, ਬਲਵੰਤ ਸਿੰਘ ਵਡਾਲੀ, ਸਰਬਜੀਤ ਸਿੰਘ ਵਡਾਲੀ, ਰਮਨ ਕੁਮਾਰ ਲਾਲਕਾ ਨਗਰ, ਬਲਜਿੰਦਰ ਸਿੰਘ ਭੰਗਵਾਂ, ਦਲਜੀਤ ਸਿੰਘ, ਪਰਮਜੀਤ ਸਿੰਘ ਮੇਹਰਬਾਨਪੁਰ, ਬਿੱਟੂ ਮੇਹਰਬਾਨਪੁਰਾ, ਹਰਜੀਤ ਸਿੰਘ ਤਾਰਾਗੜ, ਬਲਜਿੰਦਰ ਸਿੰਘ ਅਮਰਕੋਟ, ਬਲਜਿੰਦਰ ਸਿੰਘ ਰਸੂਲਪੁਰ, ਭੁਪਿੰਦਰ ਸਿੰਘ ਅਮਰਕੋਟ, ਭੁਪਿੰਦਰ ਸਿੰਘ ਭਿੰਦਾ, ਐਡਵੋਕੇਟ ਸੁਰਿੰਦਰ ਪਾਲ ਸਿੰਘ ਵੀ ਹਾਜ਼ਰ ਸਨ।

# PSSSB ਪ੍ਰੀਖਿਆ ਵਿੱਚ ਗੁਰੂ ਸਾਹਿਬਾਨ ਬਾਰੇ ਇਤਿਹਾਸਕ ਤੱਥਾਂ ਦੀ ਗਲਤ ਪੇਸ਼ਕਾਰੀ


c) ਦਲੀਪ ਕੁਮਾਰ
d) ਗੁਰੂ ਦੱਤ

11. Name the Sikh Guru who was executed at the orders of Jahangir.
a) Guru Gobind Singh ji
b) Guru Arjan Dev ji
c) Guru Nanak Dev ji
d) None of the above

ਉਸ ਸਿੱਖ ਗੁਰੂ ਦਾ ਨਾਮ ਦੱਸੋ ਜਿਸਨੂੰ ਜਹਾਂਗੀਰ ਦੇ ਹੁਕਮ 'ਤੇ ਫਾਂਸੀ ਦਿੱਤੀ ਗਈ ਸੀ।
a) ਗੁਰੂ ਗੋਬਿੰਦ ਸਿੰਘ ਜੀ
b) ਗੁਰੂ ਅਰਜਨ ਦੇਵ ਜੀ
c) ਗੁਰੂ ਨਾਨਕ ਦੇਵ ਜੀ
d) ਉੱਪਰ ਵਾਲਿਆ ਵਿਚੋਂ ਕੋਈ ਵੀ ਨਹੀ

12. Where Nur Jahan died ?
a) Kandahar



**ਨਵੀਂ ਦਿੱਲੀ, 16 ਅਗਸਤ (ਆਵਾਜ਼ਿ ਕੌਮ ਬਿਊਰੋ)-**ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ (PSSSB) ਅਤੇ ਨੀਲਿਟ (NIELIT) ਚੰਡੀਗੜ੍ਹ ਦੁਆਰਾ 10 ਅਗਸਤ 2025 ਨੂੰ ਕਰਵਾਈ ਗਈ 'ਜੂਨੀਅਰ ਇੰਜੀਨੀਅਰ ਸਿਵਲ ਪ੍ਰੀਖਿਆ' ਵਿੱਚ ਪੁੱਛਿਆ ਗਿਆ ਇੱਕ ਸਵਾਲ ਬੇਹੱਦ ਇਤਰਾਜ਼ਯੋਗ ਅਤੇ ਸਿੱਖ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲਾ ਹੈ। ਇਸ ਸਵਾਲ ਵਿੱਚ ਪੁੱਛਿਆ ਗਿਆ ਹੈ ਕਿ ਜਹਾਂਗੀਰ ਦੇ ਹੁਕਮਾਂ 'ਤੇ ਕਿਸ ਗੁਰੂ ਨੂੰ ਫਾਂਸੀ ਦਿੱਤੀ ਗਈ ਸੀ। ਇਹ ਸਵਾਲ ਸਿੱਖ ਧਰਮ ਦੇ ਇਤਿਹਾਸ ਪ੍ਰਤੀ ਗੰਭੀਰ ਲਾਪਰਵਾਹੀ ਅਤੇ ਅਗਿਆਨਤਾ ਦਾ ਪ੍ਰਤੀਕ ਹੈ, ਜੋ ਕਿ ਨਾ ਸਿਰਫ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰਦਾ ਹੈ, ਬਲਕਿ ਗੁਰੂ ਸਾਹਿਬਾਨਾਂ ਦੀ ਸ਼ਹਾਦਤ ਦਾ ਅਪਮਾਨ ਵੀ ਕਰਦਾ ਹੈ। ਸਵਾਲ ਦੀ ਬਣਤਰ ਇਹ ਬਿਲਕੁਲ ਸਪੱਸ਼ਟ ਕਰਦੀ ਹੈ ਕਿ ਇਹ ਜਾਣ-ਬੁੱਝ ਕੇ ਕੀਤੀ ਗਈ ਗਲਤੀ ਹੈ ਜਾਂ ਫਿਰ ਬੋਰਡ ਦੇ ਚੇਅਰਮੈਨ ਲਾਏ ਗਏ ਕ੍ਰਿਸ਼ਨ ਕੁਮਾਰ ਵਰਗੇ ਗੈਰ ਪੰਜਾਬੀ ਦੀ ਸਿੱਖ ਧਰਮ ਬਾਰੇ ਅਗਿਆਨਤਾ ਨਜ਼ਰ ਆਉਂਦੀ ਹੈ।

ਸਿੱਖ ਇਤਿਹਾਸ ਵਿੱਚ ਇਹ ਸਪੱਸ਼ਟ ਤੱਥ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ 'ਤੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 1606 ਈ. ਵਿੱਚ ਸ਼ਹੀਦ ਕੀਤਾ ਗਿਆ ਸੀ। ਸਿੱਖ ਇਤਿਹਾਸ ਵਿੱਚ ਧਰਮ ਦੇ ਰਸਤੇ ਚਲਦਿਆਂ ਜਾਨ ਵਾਰਨ ਵਾਲਿਆਂ ਵਾਸਤੇ 'ਸ਼ਹੀਦ', 'ਸ਼ਹੀਦੀ' ਅਤੇ 'ਸ਼ਹਾਦਤ' ਵਰਗੇ ਭਾਵਨਾਤਮਕ ਸ਼ਬਦਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

ਇਸ ਬੱਜਰ ਗਲਤੀ ਤੋਂ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਪ੍ਰੀਖਿਆਵਾਂ ਦੀ ਗੁਣਵੱਤਾ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਗਲਤੀਆਂ ਨਾਲ ਸਿਰਫ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ 'ਤੇ ਹੀ ਬੁਰਾ ਅਸਰ ਨਹੀਂ ਪੈਂਦਾ, ਸਗੋਂ ਇਹ ਸਾਡੇ ਮਹਾਨ ਇਤਿਹਾਸ ਅਤੇ ਗੁਰੂ ਸਾਹਿਬਾਨਾਂ ਦੀ ਸ਼ਹਾਦਤ ਦਾ ਵੀ ਅਪਮਾਨ ਹੈ।

ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ ਅਤੇ ਇਸ ਲਈ ਸਬੰਧਤ ਅਥਾਰਟੀਆਂ ਪ੍ਰਤੀ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ।

ਇਹ ਬਹੁਤ ਜ਼ਰੂਰੀ ਹੈ ਕਿ ਭਵਿੱਖ ਵਿੱਚ ਅਜਿਹੀਆਂ ਗਲਤੀਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ। ਪ੍ਰਸ਼ਨ ਪੱਤਰ ਤਿਆਰ ਕਰਨ ਵਾਲੇ ਮਾਹਿਰਾਂ ਦੀ ਟੀਮ ਵਿੱਚ ਸਿੱਖ ਇਤਿਹਾਸ ਅਤੇ ਸੱਭਿਆਚਾਰ ਦੇ ਖੇਤਰ ਨਾਲ ਸਬੰਧਤ ਵਿਦਵਾਨਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਬੋਰਡ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਨੂੰ ਇਸ ਗਲਤੀ ਲਈ ਲਿਖਤੀ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅੱਗੇ ਤੋਂ ਅਜਿਹੀ ਕੋਈ ਭੁੱਲ ਨਾ ਹੋਵੇ।

ਜਥੇਬੰਦੀ ਸੱਥ ਇਸ ਪੂਰੇ ਮਾਮਲੇ ਵਿੱਚ ਗੰਭੀਰ ਨੋਟਿਸ ਲੈਂਦੀ ਹੋਈ ਇਸ ਦੀ ਨਿੰਦਾ ਕਰਦੀ ਹੈ। ਅਸੀਂ ਸਮੂਹ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਇਸ ਪ੍ਰਤੀ ਗੰਭੀਰ ਹੋਣ ਅਤੇ ਸੁਚੇਤ ਰੂਪ ਵਿੱਚ ਇਸ ਦਾ ਵਿਰੋਧ ਕਰਨ ਦੀ ਅਪੀਲ ਕਰਦੇ ਹਾਂ। ਜਥੇਬੰਦੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਇਸ ਗੁਸਤਾਖੀ ਬਾਰੇ ਨੋਟਿਸ ਲੈਣ ਲਈ ਅਪੀਲ ਕੀਤੀ ਜਾਵੇਗੀ।

# ਗੈਰਤਮੰਦ ਪੰਜਾਬੀ ਦਿੱਲੀ ਦੇ ਧਾੜਵੀਆਂ ਤੋ ਖਹਿੜ੍ਹਾ ਛੁਡਾ ਕੇ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ - ਝੂੰਦਾਂ

## ਮਨੀਸ਼ ਸਿਸੋਦੀਆ ਦੀ ਵੀਡਿਉ ਨੂੰ ਲੈਕੇ ਚੋਣ ਕਮਿਸ਼ਨ ਤੋ ਕੀਤੀ ਕਾਰਵਾਈ ਦੀ ਮੰਗ



**ਚੰਡੀਗੜ, 16 ਅਗਸਤ (ਆਵਾਜ਼ਿ ਕੌਮ ਬਿਊਰੋ)-**ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਸਮੂਹ ਪੰਜਾਬੀਆਂ ਨੂੰ ਬੇਨਤੀ ਕੀਤੀ ਹੈ ਕਿ, ਓਹ ਦਿੱਲੀ ਦੇ ਧਾੜਵੀਆਂ ਤੋਂ ਖਹਿੜ੍ਹਾ ਛੁਡਾ ਕੇ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ। ਜੱਥੇਦਾਰ ਝੂੰਦਾਂ ਨੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਦੀ ਵੀਡਿਓ ਤੇ ਬੋਲਦਿਆਂ ਕਿਹਾ ਕਿ, ਇਸ ਵੀਡਿਓ ਵਿੱਚ ਸੱਤਾ ਦੇ ਬਲਬੂਤੇ ਦੂਜੀਆਂ ਪਾਰਟੀਆਂ ਦੇ ਵਰਕਰਾਂ ਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੀਡਿਓ ਵਿੱਚ ਮਨੀਸ਼ ਸਿਸੋਦੀਆ ਆਪਣੇ ਵਰਕਰਾਂ ਨੂੰ ਕਹਿ ਰਹੇ ਹਨ ਕਿ, 2027 ਕੇ ਚੋਣਾਂਵ ਜਿਤਾਨੇ ਕੇ ਲੀਏ, ਸਾਮ, ਦਾਮ, ਦੰਢ, ਬੇਦ, ਸੱਚ, ਝੂਠ, ਸਵਾਲ, ਜਵਾਬ, ਲੜਾਈ, ਝਗੜਾ ਜੋ ਕਰਨਾ ਪਿਆ ਕਰਾਂਗੇ। ਜਦੋਂ ਮਨੀਸ਼ ਸਿਸੋਦੀਆ ਇਹ ਸ਼ਬਦ ਬੋਲ ਰਹੇ ਸਨ ਤਾਂ ਉਸ ਵਕਤ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਹੇਠਲੀਆਂ ਕੁਰਸੀਆਂ ਉੱਪਰ ਬੇਬੱਸ ਬੈਠੇ ਨਜਰ ਆ ਰਹੇ ਸਨ। ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਇਸ ਵੀਡਿਉ ਦੇ ਅਧਾਰ ਤੇ, ਇਲੈਕਸ਼ਨ ਕਮਿਸ਼ਨ ਆਫ ਇੰਡੀਆ ਤੋ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਜੱਥੇਦਾਰ ਝੂੰਦਾਂ ਨੇ ਕਿਹਾ ਕਿ ਲੋਕਤੰਤਰਿਕ ਪ੍ਰਕਿਰਿਆ ਦੇ ਵਿੱਚ ਅਜਿਹੀ ਸੋਚ ਨਾ ਕਾਬਲੇ ਬਰਦਾਸ਼ਤ ਹੈ, ਜਿਹੜੀ ਸੰਵਿਧਾਨ ਵਿੱਚ ਦਰਜ ਚੋਣ ਲੜਨ ਦੇ ਅਧਿਕਾਰਾਂ ਦੇ ਜਾਬਤੇ ਦੀ ਉਲੰਘਣਾ ਕਰਦੀ ਹੋਵੇ। ਜੱਥੇਦਾਰ ਝੂੰਦਾਂ ਨੇ ਕਿਹਾ ਕਿ, ਬਦਲਾਅ ਦੀ ਅਸਲੀਅਤ ਸਾਹਮਣੇ ਹੈ। ਝੂਠੇ ਬਦਲਾਅ ਦੇ ਨਾਅਰੇ ਨੇ ਪੰਜਾਬ ਦੀ ਲੁੱਟ ਕੀਤੀ। ਓਹਨਾ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ, ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਦੇ ਹੱਥਾਂ ਵਿੱਚ ਦਿੱਤੀ ਸੱਤਾ ਪੰਜਾਬ ਦੇ ਹਿੱਤਾਂ ਦੀ ਪੂਰਤੀ ਨਹੀਂ ਕਰ ਸਕਦੀ ਹੈ, ਇਸ ਲਈ ਪੰਜਾਬ ਵਾਸੀ ਆਪਣੀ ਸਿਆਸੀ ਜਮਾਤ ਅਤੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ।

**ਲੰਡਨ 'ਚ ਭਾਰਤੀ ਅੰਬੈਸੀ ਬਾਹਰ ਅਜ਼ਾਦੀ ਦਿਹਾੜੇ 'ਤੇ**

# ਸਿੱਖਾਂ ਦਾ ਜ਼ਬਰਦਸਤ ਵਿਰੋਧ

## ਯੂ.ਕੇ. ਸਰਕਾਰ ਵਿਦੇਸ਼ਾਂ ਵਿੱਚ ਹੋ ਰਹੇ ਗੈਰ-ਸਰਕਾਰੀ ਖ਼ਾਲਿਸਤਾਨ ਰੈਫਰੈਂਡਮ ਨੂੰ ਅੰਤਰਰਾਸ਼ਟਰੀ ਮਾਨਤਾ ਦੇਵੇ - ਸਿੱਖਸ ਫਾਰ ਜਸਟਿਸ










ਲੰਡਨ, 16 ਅਗਸਤ (ਸਰਬਜੀਤ ਸਿੰਘ ਬਨੂੜ)— ਭਾਰਤ ਦੇ ਅਜ਼ਾਦੀ ਦਿਹਾੜੇ ਦੇ ਮੌਕੇ ਤੇ ਸਿੱਖਸ ਫਾਰ ਜਸਟਿਸ ਦੇ ਕਾਰਕੁਨਾਂ ਨੇ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਦੇ ਸਰਕਾਰੀ ਨਿਵਾਸ 10 ਡਾਊਨਿੰਗ ਸਟਰੀਟ 'ਤੇ ਇੱਕ ਮੰਗ ਪੱਤਰ ਸੌਂਪਿਆ ਗਿਆ । ਇਸ ਮੰਗ ਪੱਤਰ ਵਿੱਚ ਵਿਦੇਸ਼ਾਂ ਵਿੱਚ ਹੋ ਰਹੇ ਗੈਰ ਸਰਕਾਰੀ ਖ਼ਾਲਿਸਤਾਨ ਰੈਫਰੈਂਡਮ ਨੂੰ ਅੰਤਰਰਾਸ਼ਟਰੀ ਮਾਨਤਾ ਦੇਣ ਦੀ ਅਪੀਲ ਕੀਤੀ ਗਈ। ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਦੇ ਸਰਕਾਰੀ ਨਿਵਾਸ 10 ਡਾਊਨਿੰਗ ਸਟਰੀਟ 'ਤੇ ਪਹੁੰਚ ਕੇ ਇੱਕ ਮੰਗ ਪੱਤਰ ਸੌਂਪਿਆ ਗਿਆ। ਪ੍ਰਧਾਨ ਮੰਤਰੀ ਨਿਵਾਸ ਦੇ ਉੱਚ ਅਧਿਕਾਰੀਆਂ ਨੂੰ ਸਿੱਖਸ ਫਾਰ ਜਸਟਿਸ ਦੇ ਪੰਜ ਮੈਂਬਰੀ ਵਫ਼ਦ ਦੇ ਆਗੂ ਜਸਬੀਰ ਸਿੰਘ ਤੇ ਮੰਗਲ ਸਿੰਘ ਦੀ ਅਗਵਾਈ ਵਿੱਚ ਯੂ.ਕੇ. ਸਰਕਾਰ ਨੂੰ ਵਿਦੇਸ਼ਾਂ ਵਿੱਚ ਹੋ ਰਹੇ ਗੈਰ-ਸਰਕਾਰੀ ਖ਼ਾਲਿਸਤਾਨ ਰੈਫਰੈਂਡਮ ਨੂੰ ਅੰਤਰਰਾਸ਼ਟਰੀ ਮਾਨਤਾ ਦੇਣ ਅਤੇ ਸਿੱਖ ਕੌਮ ਦੇ ਆਤਮ-ਨਿਰਧਾਰਣ ਦੇ ਅਧਿਕਾਰ ਨੂੰ ਮੰਨਣ ਦੀ ਅਪੀਲ ਕੀਤੀ ਗਈ। ਦਸਤਾਵੇਜ਼ ਵਿੱਚ ਦਲੀਲ ਦਿੱਤੀ ਗਈ ਕਿ ਆਤਮ-ਨਿਰਧਾਰਣ ਦਾ ਅਧਿਕਾਰ ਸੰਯੁਕਤ ਰਾਸ਼ਟਰ ਚਾਰਟਰ ਅਤੇ ਅੰਤਰਰਾਸ਼ਟਰੀ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਸੰਬੰਧੀ ਸੰਮਝੌਤੇ ਵਿੱਚ ਦਰਜ ਹੈ ਅਤੇ ਸਿੱਖ ਕੌਮ ਦੀ ਵਿਲੱਖਣ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਪਛਾਣ ਇਸ ਹੱਕ ਨੂੰ ਹੋਰ ਮਜ਼ਬੂਤੀ ਦੇਂਦੀ ਹੈ। ਵਫ਼ਦ ਵੱਲੋਂ ਯੂ.ਕੇ. ਸਰਕਾਰ ਨੂੰ ਤਿੰਨ ਮੁੱਖ ਮੰਗਾਂ ਦਿੱਤੀਆਂ ਗਈਆਂ ਤੇ ਸਿੱਖ ਕੌਮ ਦੇ ਆਤਮ-ਨਿਰਧਾਰਣ ਦੇ ਅਧਿਕਾਰ ਨੂੰ ਮਾਨਤਾ ਦੇਣ ਦੇ ਨਾਲ ਅੰਤਰਰਾਸ਼ਟਰੀ ਸੰਗਠਨਾਂ ਨਾਲ ਮਿਲ ਕੇ ਇਨਸਾਫ਼ਪੂਰਨ ਅਤੇ ਪਾਰਦਰਸ਼ੀ ਖ਼ਾਲਿਸਤਾਨ ਰੈਫਰੈਂਡਮ ਲਈ ਸਹਿਯੋਗ ਦੀ ਮੰਗ ਦੇ ਨਾਲ ਸਾਰੇ ਹਿੱਸੇਦਾਰਾਂ ਵਿਚਾਲੇ ਸ਼ਾਂਤੀਪੂਰਨ ਅਤੇ ਲੋਕਤਾਂਤ੍ਰਿਕ ਸੰਵਾਦ ਨੂੰ ਯਕੀਨੀ ਬਣਾਉਣਾ ਲਈ ਕਿਹਾ ਗਿਆ ਹੈ। ਭਾਰਤ ਜੇ ਅਜ਼ਾਦੀ ਦਿਹਾੜੇ ਤੇ ਯੂਕੇ ਦੀਆਂ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਲੰਡਨ ਸਥਿਤ ਭਾਰਤੀ ਅੰਬੈਸੀ ਬਾਹਰ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਦੌਰਾਨ ਸਿੱਖ ਫੈਡਰੇਸ਼ਨ ਯੂ.ਕੇ. ਦੇ ਸਾਬਕਾ ਪ੍ਰਧਾਨ ਕੁਲਵੰਤ ਸਿੰਘ ਮੁਠੱਡਾ, ਬਲਵਿੰਦਰ ਸਿੰਘ ਢਿੱਲੋਂ, ਸਿੱਖਸ ਫਾਰ ਜਸਟਿਸ ਵੱਲੋਂ ਜਸਬੀਰ ਸਿੰਘ ਹੇਜ, ਮੰਗਲ ਸਿੰਘ ਸਾਊਥਾਲ, ਦਲ ਖਾਲਸਾ ਦੇ ਪ੍ਰਧਾਨ ਗੁਰਚਰਨ ਸਿੰਘ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ ਸਾਊਥਾਲ, ਫੈਡਰੇਸ਼ਨ ਆਫ ਸਿੱਖ ਆਰਗਨੇਇਜ਼ਰਜ਼ ਦੇ ਕੋਆਰਡੀਨੇਟਰ ਲਵਸਿੰਦਰ ਸਿੰਘ ਡੱਲੇਵਾਲ, ਜੋਗਾ ਸਿੰਘ ਬਰਮਿੰਘਮ, ਅਮਰੀਕ ਸਿੰਘ ਸਹੋਤਾ ਸਮੇਤ ਹੋਰ ਸਿੱਖ ਆਗੂਆਂ ਨੇ ਸ਼ਿਰਕਤ ਕੀਤੀ। ਆਗੂਆਂ ਨੇ ਵੱਖਰੇ ਰਾਜ ਦੀ ਮੰਗ ਕਰਦਿਆਂ ਦਾਅਵਾ ਕੀਤਾ ਕਿ ਭਾਰਤ ਵਿੱਚ ਸਿੱਖਾਂ 'ਤੇ ਜ਼ੁਲਮ ਦੀ ਇੰਤਹਾ ਹੋ ਚੁੱਕੀ ਹੈ ਅਤੇ ਅੰਤਰਰਾਸ਼ਟਰੀ ਭਾਈਚਾਰਾ ਇਸ ਸਥਿਤੀ 'ਤੇ ਚੁੱਪ ਨਹੀਂ ਰਹਿ ਸਕਦਾ। ਰੋਸ ਮੁਜ਼ਾਹਰੇ ਵਿੱਚ ਬੰਦੀ ਸਿੰਘਾ ਸਮੇਤ ਸਰਕਾਰ ਵੱਲੋਂ ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹਣ ਦੀ ਗੱਲ ਨੂੰ ਵਿਦੇਸ਼ੀ ਸਰਕਾਰਾਂ ਨੂੰ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਖ਼ਾਲਿਸਤਾਨ ਰੈਫਰੈਂਡਮ ਨੂੰ ਸਿੱਖ ਕੌਮ ਦੀ ਰਾਜਨੀਤਿਕ ਭਵਿੱਖ ਲਈ ਇੱਕ ਸ਼ਾਂਤੀਪੂਰਨ ਹੱਲ ਵਜੋਂ ਪੇਸ਼ ਕੀਤਾ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## 47ਵੀਂ ਬਰਸੀ 'ਤੇ ਵਿਸ਼ੇਸ਼

# ਦਮਦਮੀ ਟਕਸਾਲ ਦੇ 13ਵੇਂ ਮੁਖੀ ਸੱਚਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

ਸ੍ਰੀਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜਨਮ 4 ਅਕਤੂਬਰ 1932 ਈਸਵੀ ਨੂੰ ਗੁਰੂ ਘਰ ਦੇ ਮਹਾਨ ਸ਼ਰਧਾਲੂ ਗੁਰਮਤਿ ਵਿੱਚ ਪਰਪੱਕ ਜਥੇਦਾਰ ਬਾਬਾ ਝੰਡਾ ਸਿੰਘ ਜੀ ਦੇ ਘਰ ਮਾਤਾ ਲਾਭ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਪੁਰਾਣੇ ਭੂਰੇ (ਭੂਰਾ ਕੋਹਨਾ) ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿਖੇ ਹੋਇਆ, ਜੋ ਹੁਣ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ। ਆਪ ਜੀ ਨੇ ਗੁਰਮਤਿ ਦੀ ਮੁੱਢਲੀ ਬ੍ਰਹਮ ਵਿੱਦਿਆ, ਬਾਬਾ ਬੱਗਾ ਸਿੰਘ ਜੀ ਪਾਸੋਂ ਗ੍ਰਹਿਣ ਕੀਤੀ ਅਤੇ ਦੁਨਿਆਵੀ ਵਿੱਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਤੋਂ, ਨੌਵੀਂ ਅਤੇ ਦਸਵੀਂ ਇੱਕੋ ਸਾਲ ਵਿੱਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਤੋਂ ਅਤੇ ਐੱਫ.ਏ.ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਆਪ ਜੀ ਪਿੰਡ ਤੋਂ ਸਕੂਲ ਆਉਣ ਜਾਣ ਦੇ ਸਮੇਂ ਨਿੱਤ ਨੇਮ ਤੋਂ ਇਲਾਵਾ, 25 ਪਾਠ ਸ੍ਰੀ ਜਪੁਜੀ ਸਾਹਿਬ ਦੇ ਵੀ ਕਰਿਆ ਕਰਦੇ ਸਨ। ਸੰਤਾਂ-ਮਹਾਂਪੁਰਸ਼ਾਂ ਦੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲੇ, ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਅਤਿ ਨਿਕਟਵਰਤੀ ਸਨ, ਉਹੀ ਆਪ ਜੀ ਨੂੰ ਸੰਤਾਂ ਕੋਲੇ ਜਥੇ ਵਿੱਚ ਭਿੰਡਰੀ ਲੈ ਕੇ ਗਏ ਸਨ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨਾਲ ਆਪ ਜੀ ਦਾ ਮਿਲਾਪ ਕਰਵਾਇਆ, ਉੱਥੇ ਹੀ ਆਪ ਜੀ ਨੇ ਪੰਜ ਪਿਆਰਿਆਂ ਪਾਸੋਂ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ, ਕਰਤਾਰ ਸਿੰਘ ਤੋਂ ਕਰਤਾਰ ਸਿੰਘ ਖ਼ਾਲਸਾ ਬਣੇ ਅਤੇ ਬਾਅਦ ਵਿੱਚ ਜਥੇ ਸੰਗਤ ਵਿੱਚ ਸੰਤਾਂ-ਮਹਾਂਪੁਰਖਾਂ ਦੀ ਮਹਾਨ ਸੇਵਾ ਨਿਭਾਉਂਦਿਆਂ ਆਪ ਜੀ ਨੂੰ ਸੰਤ ਅਤੇ ਗਿਆਨੀ ਦੇ ਮਹਾਨ ਰੁਤਬੇ ਦੀ ਦਾਤ ਪ੍ਰਾਪਤ ਹੋਈ। 31 ਜਨਵਰੀ 1967 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤਿੰਨ ਸੌ ਸਾਲਾ ਅਵਤਾਰ ਗੁਰਪੁਰਬ ਵਾਲੇ ਦਿਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸਾਰੀਆਂ ਸੰਗਤਾਂ ਦੀ ਹਾਜ਼ਰੀ ਵਿੱਚ ਦਮਦਮੀ ਟਕਸਾਲ ਦੇ 13ਵੇਂ ਮੁਖੀ ਵਜੋਂ ਆਪ ਜੀ ਦੀ ਦਸਤਾਰ ਬੰਦੀ ਕਰ ਦਿੱਤੀ ਅਤੇ ਜੋ ਉਸ ਸਮੇਂ ਦਸਤਾਰਬੰਦੀ ਬਾਰੇ ਬਖਸ਼ਿਸ਼ ਭਰੇ ਬਚਨ ਮਹਾਂਪੁਰਖਾਂ ਨੇ ਕੀਤੇ, ਉਹ ਸਾਰੇ ਬਚਨ ਟੇਪ ਰਿਕਾਰਡ ਵਿੱਚ ਅੱਜ ਵੀ ਸੰਗਤ ਪਾਸ ਮੌਜੂਦ ਹਨ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਨੇ 28 ਜੂਨ 1969 ਈਸਵੀ ਨੂੰ, ਵੀਰਵਾਰ ਵਾਲੇ ਦਿਨ ਅੰਮ੍ਰਿਤ ਵੇਲੇ ਦੋ ਵਜੇ ਨਗਰ ਮਹਿਤਾ ਵਿਖੇ, ਭਾਈ ਭਾਨ ਸਿੰਘ ਜੀ ਦੇ ਘਰ ਸੱਚਖੰਡ ਗਮਨ ਕੀਤਾ। ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਨੇ ਨਗਰ ਮਹਿਤਾ ਵਿਖੇ ਸੰਤਾਂਮਹਾਂਪੁਰਖਾਂ ਦੀ ਯਾਦ ਵਿੱਚ ਨਗਰ ਅਤੇ ਇਲਾਕਾ ਨਿਵਾਸੀ ਸਿੱਖ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬਹੁਤ ਥੋੜ੍ਹੇ ਸਮੇਂ ਵਿੱਚ ਦੋ ਏਕੜ ਲੰਮਾ-ਚੌੜਾ ਅਤੇ ਪੱਚੀ ਫੁੱਟ ਡੂੰਘੇ ਛੱਪੜ ਨੂੰ ਪੂਰ ਕੇ ਬਹੁਤ ਆਲੀਸ਼ਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਅਤੇ ਜਥੇ, ਸੰਗਤ ਤੇ ਸਿੱਖ ਸੰਗਤਾਂ ਲਈ ਵਿਸ਼ਾਲ ਲੰਗਰ ਹਾਲ, ਵਿਦਿਆਰਥੀਆਂ ਲਈ ਗੁਰਬਾਣੀ ਦੀ ਸੰਥਿਆ ਅਤੇ ਸ਼ਬਦ ਕੀਰਤਨ ਦੀ ਸਿਖਲਾਈ ਲਈ ਬਹੁਤ ਸੁੰਦਰ ਵਿਦਿਆਲੇ ਦੀ ਇਮਾਰਤ, ਸਿੰਘਾਂ ਦੇ ਰਹਿਣ ਲਈ ਬਿਲਡਿੰਗ ਜੋ ਬਹੁਤ ਥੋੜ੍ਹੇ ਸਮੇਂ ਵਿੱਚ ਤਿਆਰ ਕਰਵਾਈਆਂ। ਖ਼ਾਲਸਾ ਪੰਥ ਦੀ ਇਸ ਚੱਲਦੀ-ਫਿਰਦੀ ਯੂਨੀਵਰਸਿਟੀ, ਦਮਦਮੀ ਟਕਸਾਲ ਵਿੱਚ ਵਿੱਦਿਆ ਪ੍ਰਾਪਤ ਕਰਨ ਆਏ ਕਰੀਬ 300 ਸਿੰਘਾਂ ਦੇ ਜਥੇ ਨੂੰ ਮਹਾਂਪੁਰਸ਼ਾਂ ਦੇ ਨਾਲ ਲੈ ਕੇ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਹੀ ਨਹੀਂ, ਦੇਸ਼ ਦੀਆਂ ਹੋਰ ਬਹੁਤ ਸਾਰੀਆਂ ਸਟੇਟਾਂ ਵਿੱਚ ਵੀ ਦਿਨ-ਰਾਤ ਇੱਕ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਗੁਰੂ ਘਰ ਦੇ ਪ੍ਰਚਾਰ ਲਈ ਭਾਰੀ ਗਿਣਤੀ ਵਿੱਚ ਸੇਵਾਦਾਰ, ਗ੍ਰੰਥੀ ਸਿੰਘ, ਗਿਆਨੀ ਸਿੰਘ, ਰਾਗੀ ਸਿੰਘ ਅਤੇ ਪ੍ਰਚਾਰਕ ਬਣਾਏ. ਹਰ ਸਮੇਂ ਹੀ ਆਪ ਜੀ ਨੂੰ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੀ ਤੜਪ ਰਹਿੰਦੀ ਸੀ। ਆਪ ਜੀ ਨੇ ਦਿਨ ਰਾਤ ਇੱਕ ਕੀਤਾ ਹੋਇਆ ਸੀ। ਆਪ ਜੀ 15-15 ਘੰਟੇ ਵੀ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਖ਼ੜ੍ਹੇ ਹੋ ਕੇ 30 ਤੋਂ 70 ਥਾਵਾਂ ਤੇ ਨਗਰ ਕੀਰਤਨ (ਜਲੂਸ) ਵਾਲੇ ਇਲਾਕੇ ਵਿੱਚ ਪ੍ਰਚਾਰ ਕਰਦੇ ਸਨ। ਸਾਰੀਆਂ ਸਿੱਖ ਸੰਗਤਾਂ ਪਾਸੋਂ ਆਪ ਜੀ ਧਾਰਨਾ ਰੂਪ ਇਹ ਨਾਅਰਾ ਲਗਵਾਇਆ ਕਰਦੇ ਸਨ, ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ। ਆਪ ਜੀ ਸਿੱਖ ਸੰਗਤਾਂ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਸਮੇਂ ਦੇਹਧਾਰੀ ਗੁਰੂ ਡੰਬ ਤੋਂ ਸਿੱਖ ਸੰਗਤਾਂ ਨੂੰ ਹਰ ਪੱਖ ਤੋਂ ਸੁਚੇਤ ਕਰਦੇ ਸਨ ਅਤੇ ਐਮਰਜੈਂਸੀ ਦੀਆਂ ਪੀੜੀਆਂ ਬੰਦਿਸ਼ਾਂ ਸਮੇਂ ਜਦੋਂ ਸਾਰਾ ਹਿੰਦੋਸਤਾਨ ਤਰਾਹ-ਤਰਾਹ ਕਰ ਰਿਹਾ ਸੀ, ਇੱਕ ਇਹ ਮਹਾਂਪੁਰਸ਼ ਹੀ ਸਨ, ਜੋ ਸੱਚੇ ਸੁੱਚੇ ਸ਼ਬਦ ਕਹਿਣ ਦੀ ਜੁਰਅੱਤ ਕਰ ਸਕੇ। ਇਸੇ ਹੀ ਸਮੇਂ ਐਮਰਜੈਂਸੀ ਦੀਆਂ ਸਾਰੀਆਂ ਹੀ ਰੁਕਾਵਟਾਂ ਦੀਆਂ ਧੱਜੀਆਂ ਉਡਾ ਕੇ ਸੰਤ ਜੀ ਨੇ ਜਥੇ ਸਮੇਤ ਵੱਖ-ਵੱਖ ਥਾਵਾਂ 'ਤੇ 37 ਮਹਾਨ ਨਗਰ ਕੀਰਤਨ (ਜਲੂਸ) ਕੱਢੇ ਸਨ। ਆਪ ਜੀ ਨੇ ਅਨੇਕਾਂ ਹੀ ਸਿੱਖ ਪ੍ਰਚਾਰਕਾਂ ਦਾ, ਜੋ ਢਾਡੀ, ਕਵੀਸ਼ਰ ਸਨ, ਸੁਧਾਰ ਕੀਤਾ ਅਤੇ ਜੋ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਹੋਏ। ਜਥੇ ਸੰਗਤ ਵੱਲੋਂ ਆਪ ਜੀ ਨੇ ਉਨ੍ਹਾਂ ਸਾਰੇ ਜਥਿਆਂ ਨੂੰ ਪ੍ਰਸੰਨ ਹੋ ਕੇ ਸਿਰੋਪਾਓ ਵੀ ਬਖਸ਼ਿਸ਼ ਕੀਤੇ। ਆਪ ਜੀ ਦੇ ਬਚਨ ਹਮੇਸ਼ਾ ਹੀ ਬਹੁਤ ਨਿਰਭੈਤਾ ਵਾਲੇ ਹੁੰਦੇ ਸਨ। 7 ਦਸੰਬਰ 1975 ਈ. ਵਾਲੇ ਦਿਨ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ ਨਗਰ ਕੀਰਤਨ (ਜਲੂਸ) ਅਨੰਦਪੁਰ ਸਾਹਿਬ ਤੋਂ ਪਹੁੰਚਿਆ, ਉਸ ਸਮੇਂ ਉੱਥੇ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ, ਲੱਖਾਂ ਦਾ ਇਕੱਠ ਸੀ। ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ 'ਤੇ ਆਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ ਤੋਂ ਉੱਠ ਕੇ ਸਭ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ, ਪਰ ਸੰਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ 'ਤੇ ਬੈਠੇ ਰਹੇ ਅਤੇ ਸਟੇਜ ਤੋਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਖੜ੍ਹੇ ਹੋ ਕੇ ਸੁਆਗਤ ਕੀਤਾ। ਉਸ ਸਮੇਂ ਦੇਸ਼ ਦੀ ਪ੍ਰਧਾਨ ਮੰਤਰੀ ਨੇ ਆਪਣੇ ਸਮੇਂ ਵਿੱਚ ਬੋਲਦਿਆਂ ਕਿਹਾ ਕਿ ਮੈਂ ਸਿੱਖ ਕੌਮ ਦਾ ਬਹੁਤ ਆਦਰ ਸਤਿਕਾਰ ਕਰਦੀ ਹਾਂ, ਮੈਂ ਤਾਂ ਆਪਣੇ ਛੋਟੇ ਬੇਟੇ, ਸੰਜੇ ਗਾਂਧੀ ਦਾ ਰਿਸ਼ਤਾ ਵੀ ਇੱਕ ਸਿੱਖ ਪਰਿਵਾਰ ਦੀ ਬੇਟੀ ਨਾਲ ਕੀਤਾ ਹੈ ਅਤੇ ਜਿਹੜੇ ਦਿੱਲੀ ਦੇ ਤਖ਼ਤ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕੀਤਾ ਸੀ, ਅੱਜ ਉਹ ਦਿੱਲੀ ਦਾ ਤਖ਼ਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਵਾਸਤੇ ਆਇਆ ਹੈ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪਣੇ ਸਮੇਂ ਵਿੱਚ ਸਟੇਜ ਤੋਂ ਬੋਲਦਿਆਂ ਪ੍ਰਧਾਨ ਮੰਤਰੀ ਨੂੰ ਬਹੁਤ ਨਿਰਭੈਤਾ ਨਾਲ ਕਿਹਾ ਅਤੇ ਸਾਰੀਆਂ ਸਿੱਖ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ, ਖਾਲਸਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਭਾਵੇਂ ਕੋਈ ਕਿੱਡੇ ਵੱਡੇ ਅਹੁਦੇ ਵਾਲਾ ਹੋਵੇ, ਪਰ ਸੰਗਤ ਵਿੱਚੋਂ ਕਿਸੇ ਨੇ ਵੀ ਉੱਠ ਕੇ ਖ਼ੜ੍ਹੇ ਨਹੀਂ ਹੋਣਾ ਅਤੇ ਜੇ ਸੰਗਤ ਵਿੱਚ ਕਿਸੇ ਆਏ ਦਾ ਸਤਿਕਾਰ ਕਰਨਾ



ਹੈ ਤਾਂ ਉਸ ਦਾ ਸੰਗਤਾਂ ਵੱਲੋਂ ਜੈਕਾਰਾ ਬੁਲਾ ਕੇ ਸਤਿਕਾਰ ਕੀਤਾ ਜਾ ਸਕਦਾ ਹੈ। ਮੈਂ ਇਹ ਵੀ ਆਪ ਸਾਰਿਆਂ ਨੂੰ ਬੇਨਤੀ ਕਰਦਾ ਹਾਂ, ਖ਼ਾਲਸਾ ਜੀ ਰਹਿਤਨਾਮੇ ਦੇ ਬਚਨ ਹਨ, ਹਰੇਕ ਗੁਰਸਿਖ ਮਾਈ ਭਾਈ ਦਾ ਫਰਜ਼ ਬਣਦਾ ਹੈ ਗੁਰੂ ਸਾਹਿਬ ਦੇ ਇਨ੍ਹਾਂ ਹੁਕਮਾਂ ਉੱਤੇ ਪਹਿਰਾ ਦੇਵੇ।

**ਕੰਨਿਆ ਦੇਵੈ ਸਿੱਖ ਕੋ, ਲੇਵੈ ਨਹਿ ਕਿਛੁ ਦਾਮ ॥**
**ਸੋਈ ਮੇਰਾ ਸਿੱਖ ਹੈ ਪਹੁੰਚੇ ਗੁਰ ਕੇ ਧਾਮ ॥**

ਕਿਸੇ ਵੀ ਗੁਰਸਿੱਖ ਪਰਿਵਾਰ ਨੇ ਆਪਣੀ ਬੇਟੀ ਦਾ ਰਿਸ਼ਤਾ ਕਰਨਾ ਹੈ, ਉਸ ਨੂੰ ਸਿੱਖ ਪਰਿਵਾਰ ਤੋਂ ਬਗੈਰ ਨਹੀਂ ਕਰਨਾ ਚਾਹੀਦਾ। ਇੱਥੇ ਕਈ ਰਾਜਪੂਤ ਮੁਗ਼ਲ ਰਾਜਿਆਂ ਨੂੰ ਆਪਣੀਆਂ ਧੀਆਂ ਦੇ ਡੋਲੇ ਦੇ ਕੇ ਰਾਜ-ਭਾਗ ਕਰਿਆ ਕਰਦੇ ਸਨ, ਧਿਰਕਾਰ ਹੈ ਉਨ੍ਹਾਂ ਸਿੱਖਾਂ ਨੂੰ ਜੋ ਆਪਣੀ ਧੀ ਦਾ ਰਿਸ਼ਤਾ ਕਿਸੇ ਗੈਰ-ਸਿੱਖ ਨਾਲ ਕਰਦੇ ਹਨ ਅਤੇ ਜੇ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਅੱਜ ਦਿੱਲੀ ਦਾ ਤਖਤ ਗੁਰੂ ਸਾਹਿਬ ਨੂੰ ਸੀਸ ਨਿਵਾਉਣ ਵਾਸਤੇ ਚੱਲ ਕੇ ਆਇਆ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਤੁਸੀਂ ਕੋਈ ਗੁਰੂ ਸਾਹਿਬ 'ਤੇ ਜਾਂ ਸਿੱਖ ਕੌਮ 'ਤੇ ਅਹਿਸਾਨ ਕਰਨ ਨਹੀਂ ਆਏ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦਿੱਲੀ ਦਾ ਤਖਤ ਦਿਵਾਇਆ ਕਿਸੇ ਨੇ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਤਿਲਕ ਜੰਝੂ ਦੀ ਰੱਖਿਆ ਖਾਤਰ ਆਪਣੀ ਅਤੇ ਆਪਣੇ ਗੁਰਸਿੱਖਾਂ ਦੀਆਂ ਸ਼ਹੀਦੀਆਂ ਦੇ ਕੇ ਹੀ ਇਹ ਦਿੱਲੀ ਦਾ ਤਖਤ ਦਿਵਾਇਆ ਹੈ। ਮੈਂ ਕਹਿੰਦਾ ਹਾਂ ਜਿੰਨੇ ਵੀ ਪ੍ਰਧਾਨ ਮੰਤਰੀ ਦੇ ਸਰੀਰ 'ਤੇ ਰੋਮ ਹਨ, ਇੰਨੇ ਵਾਰੀ ਆਪਣਾ ਸੀਸ ਕੱਟ ਕੇ ਵੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਭੇਟਾ ਕਰਨ ਤਾਂ ਵੀ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ, ਅਹਿਸਾਨ ਨਹੀਂ ਚੁਕਾ ਸਕਦੇ। ਮਹਾਂਪੁਰਸ਼ਾਂ ਦੇ ਭੈਅ ਤੋਂ ਰਹਿਤ ਇਨ੍ਹਾਂ ਬਚਨਾਂ ਨੂੰ ਸੁਣ ਕੇ ਉਸੇ ਦਿਨ ਤੋਂ ਹੀ ਦਮਦਮੀ ਟਕਸਾਲ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਗਈ ਸੀ। ਮਹਾਂਪੁਰਸ਼ਾਂ ਨੇ ਸਿੱਖ ਕੌਮ ਨੂੰ ਵੀ ਬਹੁਤ ਵੱਡਾ ਹਲੂਣਾ ਦੇ ਕੇ ਆਪਣੇ ਵਿਰਸੇ ਨਾਲ ਜੋੜਿਆ। ਆਖਰ ਉਹ ਸਮਾਂ ਵੀ ਇੱਕ ਦਿਨ ਆ ਗਿਆ, ਜਦੋਂ ਸਰੀਰ ਕਰਕੇ ਅੱਜ ਤੱਕ ਕਾਲ (ਮੌਤ) ਦੇ ਸਮੇਂ ਤੋਂ ਕੋਈ ਬਚ ਨਹੀਂ ਸਕਿਆ। ਇੱਕ ਦਿਨ ਸਭ ਨੇ ਇਸ ਫਾਨੀ ਦੁਨੀਆ ਨੂੰ ਛੱਡ ਜਾਣਾ ਹੈ, ਮਹਾਂਪੁਰਸ਼ਾਂ ਦਾ ਸੱਚਖੰਡ ਗਮਨ-ਪਿੰਡ ਮਲਸੀਹਾਂ ਵਿਖੇ ਸਰਦਾਰ ਉੱਜਲ ਸਿੰਘ ਦੇ ਘਰ ਸਾਰੇ ਜਥੇ ਸੰਗਤ ਦਾ ਉਤਾਰਾ ਸੀ, ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਦੇ ਸਨ ਅਤੇ ਉਸ ਦਿਨ ਦਾ ਦੀਵਾਨ ਸਜਾ ਕੇ ਅੱਗੇ ਸੋਲਨ ਜਾਣਾ ਸੀ, ਜਾਣ ਤੋਂ ਪਹਿਲਾਂ ਦੀਵਾਨ ਸਜਾਏ ਗਏ, ਜਥੇ ਸੰਗਤ ਦੇ ਹਜ਼ੂਰੀ ਰਾਗੀ, ਭਾਈ ਰਾਮ ਸਿੰਘ ਜੀ, ਭਾਈ ਗੁਰਸ਼ਰਨ ਸਿੰਘ ਜੀ, ਦਾਸ ਭਾਈ ਗੁਰਮੇਲ ਸਿੰਘ ਜੀ ਪਾਸੋਂ ਕੀਰਤਨ ਸਰਵਨ ਕਰਦਿਆਂ ਸਮੇਂ ਮਹਾਂਪੁਰਖਾਂ ਨੇ ਇਹ ਸ਼ਬਦ ਆਪ ਆਗਿਆ ਕਰਕੇ ਸੁਣਿਆ

**ਬਹੁਰਿ ਹਮ ਕਾਹੇ ਆਵਹਿਗੇ ॥**
**ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ ॥**

ਮਹਾਂਪੁਰਸ਼ਾਂ ਨੇ ਫੇਰ ਡੇਢ ਘੰਟਾ ਆਪ ਕਥਾ ਕੀਤੀ ਅਤੇ ਅਖੀਰ ਵਿੱਚ ਸਾਰੇ ਜਥੇ ਪਾਸੋਂ ਅਤੇ ਸੰਗਤਾਂ ਪਾਸੋਂ ਹੱਥ ਜੋੜ ਕੇ ਮੁਆਫੀ ਮੰਗੀ, ਕੜਾਹ ਪ੍ਰਸਾਦਿ ਵਰਤਣ ਸਮੇਂ ਸੰਤਾਂ ਨੇ ਆਪ ਇਹ ਸ਼ਬਦ ਸਾਰੀਆਂ ਸੰਗਤਾਂ ਨਾਲ ਧਾਰਨਾ ਰੂਪ ਵਿੱਚ ਪੜ੍ਹਿਆ-ਨਦੀਆਂ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਸੰਤਾਂ ਮਹਾਂਪੁਰਖਾਂ ਨੇ ਥੋੜ੍ਹੇ ਜਿਹੇ ਸਿੰਘ ਆਪਣੇ ਨਾਲ ਰੱਖ ਕੇ ਬਾਕੀ ਸਾਰੇ ਸਿੰਘਾਂ ਨੂੰ ਸਤਿਕਾਰ ਯੋਗ ਬਾਬਾ ਠਾਕੁਰ ਸਿੰਘ ਜੀ ਨਾਲ ਵੱਡੀ ਬੱਸ ਸਮੇਤ ਮਹਿਤੇ ਜਾਣ ਦੀ ਆਗਿਆ ਕੀਤੀ, ਮਹਾਂਪੁਰਸ਼ ਆਪ ਵੀ ਉਸੇ ਦਿਨ 3 ਅਗਸਤ 1977 ਨੂੰ ਤਿੰਨ ਗੱਡੀਆਂ ਦੇ ਕਾਫਲੇ ਰਾਹੀਂ ਨਗਰ ਮਲਸੀਹਾਂ ਤੋਂ ਸੋਲਨ ਨੂੰ ਤੁਰੇ, ਸ੍ਰੀ ਚੇਸਲਾ ਰਾਮ ਜੀ ਸਿੰਧੀ ਪ੍ਰੇਮੀ ਪਰਿਵਾਰ ਵੱਲੋਂ ਭੇਜੀ ਕਾਰ ਵਿੱਚ, ਮਹਾਂਪੁਰਸ਼ ਅਗਲੀ ਸੀਟ ਉੱਤੇ ਬੈਠ ਗਏ ਅਤੇ ਭਾਈ ਗੁਰਮੁਖ ਸਿੰਘ ਗੜਬਈ, ਭਾਈ ਰਛਪਾਲ ਸਿੰਘ ਜੀ (ਪੀਏ) ਅਤੇ ਜਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨਪੁਰੀ ਸੰਤਾਂ ਦੇ ਨਾਲ ਪਿੱਛੇ ਬੈਠ ਗਏ, ਕਾਰ ਦੇ ਪਿੱਛੇ ਜਥੇ ਦੀ ਸਾਡੀ ਜੀਪ ਸੀ ਅਤੇ ਜੀਪ ਦੇ ਪਿੱਛੇ ਜਥੇ ਦੀ ਮਿੰਨੀ ਬੱਸ ਵਿੱਚ ਜੱਥੇ ਦੇ ਸਿੰਘ ਸਨ, ਜਦੋਂ ਫਿਲੌਰ ਦੇ ਉੱਚੇ ਪੁਲ ਦੇ ਥੱਲੇ ਆਏ, ਦਿਨ ਦੇ 3 ਕੁ ਵਜੇ ਦਾ ਟਾਈਮ ਸੀ, ਥੋੜ੍ਹਾ ਜਿਹਾ ਮੀਂਹ ਦਾ ਮੌਸਮ ਸੀ ਅਤੇ ਨਿੱਕੀਆਂ-ਨਿੱਕੀਆਂ ਕਣੀਆਂ ਪੈਂਦੀਆਂ ਸਨ, ਲਾਡੋਵਾਲ ਲੰਘ ਗਏ ਸੀ, ਕਾਰ ਵਾਲਾ ਡਰਾਈਵਰ ਮੂਹਰੇ ਜਾਂਦੀ ਗੱਡੀ ਨੂੰ ਜਦੋਂ ਪਾਸ ਕਰਨ ਲੱਗਾ ਤਾਂ ਲੁਧਿਆਣੇ ਵਾਲੀ ਸਾਈਡ ਤੋਂ ਇੱਕ ਹੋਰ ਗੱਡੀ ਅੱਗੇ ਆ ਗਈ, ਸੰਤਾਂ ਵਾਲੀ ਕਾਰ ਦੇ ਡਰਾਈਵਰ ਨੇ ਉਸ ਤੋਂ ਬਚਾਉਂਦਿਆਂ ਹੋਇਆਂ ਕਾਰ ਨੂੰ ਤੇਜ਼ ਕਰਕੇ, ਅੱਗੇ ਕਰਕੇ ਜਦੋਂ ਕਾਰ ਦੀ ਬਰੇਕ ਮਾਰੀ ਤਾਂ ਕਾਰ ਬੇਕਾਬੂ ਹੋ ਗਈ, ਜੀਪ ਵਿੱਚ ਬੈਠੇ ਸਾਡੀਆਂ ਅੱਖਾਂ ਦੇ ਸਾਹਮਣੇ ਕਾਰ ਘੁੰਮਦੀ ਹੋਈ ਗਈ ਅਤੇ ਸੰਤਾਂ ਵਾਲੀ ਸਾਈਡ ਪੂਰੇ ਜ਼ੋਰ ਨਾਲ ਇੱਕ ਦਰੱਖਤ ਨਾਲ ਜਾ ਟਕਰਾਈ। ਮਹਾਂਪੁਰਸ਼ ਸਖਤ ਜ਼ਖਮੀ ਹੋ ਗਏ, ਸੰਤਾਂ ਨੂੰ ਬਹੁਤ ਗੰਭੀਰ ਸੱਟਾਂ ਵੀ ਲੱਗੀਆਂ, ਅਸੀਂ ਸਾਰੇ ਸਿੰਘ ਪਿੱਛੇ ਸੀ, ਜਲਦੀ ਨਾਲ ਮਹਾਂਪੁਰਸ਼ਾਂ ਦੇ ਸਰੀਰ ਨੂੰ ਸਿੰਘਾਂ ਨੇ ਮਿੰਨੀ ਬੱਸ ਰਾਹੀਂ ਲੁਧਿਆਣੇ ਮਿਸ ਬਰਾਊਨ ਹਸਪਤਾਲ ਵਿੱਚ ਦਾਖਲ ਕਰਵਾਇਆ, ਇਹ ਖਬਰ ਪੇਪਰਾਂ ਰਾਹੀਂ ਸਾਰੇ ਪੰਜਾਬ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ, ਹਰ ਗੁਰਸਿੱਖ ਦਾ ਹਿਰਦਾ ਵਲੂੰਧਰਿਆ ਗਿਆ, ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ।

ਫਿਕਰਮੰਦ ਚਿਹਰੇ ਇੱਕ ਦੂਜੇ ਸਾਹਵੇਂ ਸਵਾਲੀਆ ਨਿਸ਼ਾਨ ਦਾ ਰੂਪ ਧਾਰੀ ਖੜ੍ਹੇ ਸਨ। ਮਹਾਂਪੁਰਖ ਤੇਰਾਂ ਦਿਨ ਹਸਪਤਾਲ ਰਹੇ, ਉਸ ਸਮੇਂ ਭਾਈ ਜਰਨੈਲ ਸਿੰਘ ਜੀ (ਬਾਅਦ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ) ਅੱਠੇ ਪਹਿਰ ਮਹਾਂਪੁਰਖਾਂ ਦੀ ਸੇਵਾ ਵਿੱਚ ਹਾਜ਼ਰ ਸਨ। ਲੁਧਿਆਣੇ ਹੀ ਗਰੇਵਾਲ ਪਰਿਵਾਰ, ਸਰਦਾਰ ਮਨੋਹਰ ਸਿੰਘ ਜੀ, ਸਰਦਾਰ ਤੇਜਵੰਤ ਸਿੰਘ ਜੀ ਦੇ ਘਰ ਸੰਤਾਂ ਦੀ ਦੇਹ ਅਰੋਗਤਾ ਲਈ ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਆਰੰਭ ਕੀਤੇ ਗਏ ਸਨ, ਦਮਦਮੀ ਟਕਸਾਲ ਦੇ ਸਾਰੇ ਵਿਦਿਆਰਥੀਆਂ ਵੱਲੋਂ ਅਤੇ ਸਿੱਖ ਸੰਗਤਾਂ ਵੱਲੋਂ ਵੀ ਸੰਤਾਂ ਦੀ ਦੇਹ ਅਰੋਗਤਾ ਲਈ ਗੁਰਬਾਣੀ ਦੇ ਜਾਪ ਜਾਰੀ ਸਨ, ਪਰ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੇ ਭਾਣੇ ਨੂੰ ਨਹੀਂ ਕੋਈ ਟਾਲ ਸਕਦਾ, ਉਹ ਭਾਣਾ ਵਰਤ ਗਿਆ। ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਆਤਮਾ ਦੀ ਜੋਤ, ਉਸ ਪ੍ਰੀਪੂਰਨ ਪਰਮਾਤਮਾ ਦੀ ਜੋਤ ਵਿੱਚ ਸਮਾ ਗਈ।

**(ਸੂਰਜ ਕਿਰਣਿ ਮਿਲੇ ਜਲ ਕਾ**
**ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਰਸੀ ਸਮਾਗਮ 1 ਭਾਦੋਂ ਮੁਤਾਬਕ 16 ਅਗਸਤ 2025 ਦਿਨ ਸ਼ਨਿੱਚਰਵਾਰ ਨੂੰ ਵੱਖ-ਵੱਖ ਥਾਵਾਂ 'ਤੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਵਿਖੇ ਬਰਸੀ ਸਮਾਗਮ 14 ਅਗਸਤ ਤੋਂ ਆਰੰਭ ਹਨ ਅਤੇ ਸ਼ਨਿੱਚਰਵਾਰ 16 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਵਿਸ਼ਾਲ ਦੀਵਾਨ ਸਜੇਗਾ, ਜਿੱਥੇ ਭਾਰੀ ਗਿਣਤੀ ਵਿੱਚ ਸੰਗਤਾਂ ਅਤੇ ਸੰਤ ਮਹਾਂਪੁਰਸ਼ ਪੁੱਜ ਰਹੇ ਹਨ।

**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**
ਵਿਦਿਆਰਥੀ ਦਮਦਮੀ ਟਕਸਾਲ

--✶ ਪੇਸ਼ਕਸ਼ ✶--



ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਵਿਦਿਆਰਥੀ ਦਮਦਮੀ ਟਕਸਾਲ

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





# ਸੱਚਖੰਡ ਵਾਸੀ ਸੰਤ ਬਾਬਾ ਕਾਲਾ ਸਿੰਘ ਅਤੇ ਸੰਤ ਬਾਬਾ ਤੇਜਾ ਸਿੰਘ ਦੀ ਬਰਸੀ 19 ਅਗਸਤ ਨੂੰ

ਚੌਕ ਮਹਿਤਾ, 16 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ) ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸਿਮਲੇ ਵਾਲਿਆਂ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਅਗਵਾਈ ਹੇਠ ਅਤੇ ਇਲਾਕਾ ਨਿਵਾਸੀ ਐਨ ਆਰ ਆਈ ਦੇ ਸਹਿਯੋਗ ਨਾਲ ਬ੍ਰਹਮ ਗਿਆਨੀ 108 ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਤੋਂ ਵਰਸੋਏ ਹੋਏ ਸ੍ਰੀ ਮਾਨ 108 ਸੰਤ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਜੰਡਿਆਲਾ ਗੁਰੂ



ਆਵਾਜ਼ਿ ਕੌਮ AWAZE QAUM International Newspaper & WEB TV

ਅਤੇ ਜੋਤੀਸਰ ਸਿਮਲੇ ਵਾਲਿਆਂ ਤੋਂ ਵਰਸੋਏ ਸੱਚਖੰਡ ਵਾਸੀ ਸੰਤ ਬਾਬਾ ਕਾਲਾ ਸਿੰਘ ਜੀ ਅਤੇ ਸੰਤ ਬਾਬਾ ਤੇਜਾ ਸਿੰਘ ਜੀ ਦੀ ਮਿੱਠੀ ਯਾਦ ਵਿੱਚ ਸਲਾਨਾ ਗੁਰਮਤਿ ਸਮਾਗਮ ਮਿੱਤੀ 17 ਅਗਸਤ 2025 ਦਿਨ ਐਤਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ ਅਤੇ 19 ਅਗਸਤ 2025 ਦਿਨ ਮੰਗਲਵਾਰ ਨੂੰ ਭੋਗ ਸ੍ਰੀ ਅਖੰਡ ਸਾਹਿਬ ਦੇ ਸਵੇਰੇ 10 ਸਵੇਰੇ ਪਾਏ ਜਾਣਗੇ। ਉਪਰੰਤ ਸਾਰੀ ਦਿਹਾੜੀ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਹਰਪ੍ਰੀਤ ਸਿੰਘ ਪ੍ਰਚਾਰਕ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਭਾਈ ਸਤਨਾਮ ਸਿੰਘ ਬਹਿਲਾ ਤਰਸਿੱਕੇ ਵਾਲੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਉਣਗੇ। ਗੁਰੂ ਜੀ ਲੰਗਰ ਆਟੁਤ ਵਰਤੇਗਾ। ਸੰਤ ਬਾਬਾ ਸੁੱਖਾ ਸਿੰਘ ਜੀ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸਿਮਲੇ ਵਾਲਿਆਂ ਵੱਲੋਂ ਸਮੂਹ ਦੇ ਸਾਰੇ ਵਿਦੇਸਾਂ ਦੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਹਾਜਰੀਆ ਭਰਕੇ ਗੁਰੂ ਸਾਹਿਬ ਜੀ ਦੀਆਂ ਖੁਸੀਆ ਪ੍ਰਾਪਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸੱਤਾ ਲਈ ਪੰਜਾਬ ਨੂੰ ਅੱਗ ਵਿਚ ਝੋਂਕਣ ਵਾਲੇ ਮਨੀਸ਼ ਸ਼ਿਸੋਦੀਆ ਦੇ "ਡਾਕਾ ਪਲਾਨ" ਬਿਆਨ ਦੀ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਸਖ਼ਤ ਨਿੰਦਿਆ**

# ਚੋਣਾਂ ਜਿੱਤਣ ਲਈ ਸਾਮ-ਦਾਮ-ਦੰਡ-ਭੇਦ ਦੀ ਗੱਲ ਲੋਕਤੰਤਰ 'ਤੇ ਸਿੱਧਾ ਹਮਲਾ, ਚੋਣ ਕਮਿਸ਼ਨ ਤੁਰੰਤ ਨੋਟਿਸ ਲਵੇ : ਸ਼ਮਸ਼ੇਰ ਸਿੰਘ ਪੱਧਰੀ

**ਅੰਮ੍ਰਿਤਸਰ, 16 ਅਗਸਤ (ਆਵਾਜ਼ਿ ਕੌਮ ਬਿਊਰੋ)**-ਬੀਤੇ ਦਿਨ ਆਮ ਆਦਮੀ ਪਾਰਟੀ ਦੇ ਸਾਬਕਾ ਮੰਤਰੀ ਸ੍ਰੀ ਮਨੀਸ਼ ਸ਼ਿਸੋਦੀਆ ਵੱਲੋਂ ਇਕ ਪ੍ਰੋਗਰਾਮ ਦੌਰਾਨ ਕਿਹਾ ਗਿਆ ਕਿ "2027 ਦੀਆਂ ਚੋਣਾਂ ਜਿੱਤਣ ਲਈ ਸਾਨੂੰ ਭਾਵੇਂ ਸ਼ਾਮ-ਦਾਮ-ਦੰਡ-ਭੇਦ, ਲੜਾਈ-ਝਗੜਾ ਜੋ ਵੀ ਕਰਨਾ ਪਿਆ ਕਰਾਂਗੇ" ਇਹ ਬਿਆਨ

ਆਵਾਜ਼ਿ ਕੌਮ AWAZE QAUM International Newspaper & WEB TV

ਨਾ ਸਿਰਫ਼ ਮੰਦਭਾਗਾ ਹੈ ਸਗੋਂ ਪੰਜਾਬ ਦੀ ਲੋਕਤੰਤਰਿਕ ਪਰੰਪਰਾ, ਸਾਂਝੀ ਸੋਚ ਤੇ ਅਮਨ-ਸਾਂਤੀ ਲਈ ਖੁੱਲ੍ਹਾ ਖ਼ਤਰਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਅੰਮ੍ਰਿਤਸਰ ਤੋਂ ਕਾਰਜਕਾਰੀ ਕਮੇਟੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਭਾਈ ਸੁਖਬੀਰ ਸਿੰਘ ਚੀਮਾਂ ਦੁਆਰਾ ਭੇਜੇ ਗਏ ਪ੍ਰੈਸ ਨੋਟ ਰਾਹੀਂ ਕੀਤਾ। ਉਹਨਾਂ ਕਿਹਾ ਕਿ ਕੇਵਲ ਸੱਤਾ ਪ੍ਰਾਪਤੀ ਦੀ ਲਾਲਸਾ ਵਿੱਚ ਪੰਜਾਬ ਨੂੰ ਆਰਥਿਕ ਤੇ ਸਮਾਜਿਕ ਤੌਰ 'ਤੇ ਹਾਸ਼ੀਏ 'ਤੇ ਧੱਕਣਾ, ਲੋਕਾਂ ਨੂੰ ਸ਼ਾਤੀ ਦੀ ਬਜਾਏ ਟਕਰਾਅ ਦੀ ਸਥਿਤੀ ਵੱਲ ਲੈਕੇ ਜਾਣਾਂ ਅਤੇ ਰਾਜਨੀਤਿਕ ਲਾਭ ਲਈ ਸਮਾਜ ਨੂੰ ਵੰਡਣਾ, ਲੋਕਤੰਤਰ ਦੀ ਆਤਮਾਂ ਨਾਲ ਧੋਖੇ ਦੇ ਬਰਾਬਰ ਹੈ। ਇਹ ਬਿਆਨ ਦਰਸਾਉਂਦਾ ਹੈ ਕਿ ਆਮ ਆਦਮੀ ਪਾਰਟੀ ਲਈ ਚੋਣਾਂ ਸੇਵਾ ਨਹੀਂ ਸਗੋਂ ਸੱਤਾ ਲਈ ਖੇਡੀ ਜਾਣ ਵਾਲੀ ਖੇਡ ਹਨ। ਉਹਨਾਂ ਕਿਹਾ ਕਿ ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਇਸੇ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਪੰਜਾਬ ਸਮੇਤ ਸਰਕਾਰ ਦੇ ਮੰਤਰੀ ਅਤੇ ਜ਼ਿੰਮੇਵਾਰ ਸ਼ਖਸੀਅਤਾਂ ਹਾਜ਼ਰ ਸਨ ਪਰ ਕਿਸੇ ਨੇ ਵੀ ਇਸ ਬਿਆਨ ਦੀ ਨਿਖੇਧੀ ਕਰਨ ਦੀ ਹਿੰਮਤ ਨਹੀਂ ਕੀਤੀ। ਇਸ ਨਾਲ ਸਪੱਸ਼ਟ ਹੈ ਕਿ ਇਹ ਸੋਚ



ਆਮ ਆਦਮੀ ਪਾਰਟੀ ਦੀ ਕੇਂਦਰੀ ਨੀਤੀ ਦਾ ਹਿੱਸਾ ਹੈ। ਭਾਈ ਪੱਧਰੀ ਨੇ ਕਿਹਾ ਕਿ ਮਨੀਸ਼ ਸ਼ਿਸੋਦੀਆ ਦਾ ਇਹ ਬਿਆਨ ਕਿ ਇਹ ਖੁਲਾਸਾ ਕਰਦਾ ਹੈ ਕਿ ਆਮ ਆਦਮੀ ਪਾਰਟੀ ਲੋਕਤੰਤਰਕ ਮੂਲ ਸਿਧਾਂਤਾਂ 'ਤੇ ਨਹੀਂ ਸਗੋਂ ਚੋਣਾਂ ਵਿੱਚ ਡਾਕੇ ਤੇ ਧੋਖੇ ਦੇ ਰਾਹੀਂ ਫਿਰ ਤੋਂ ਪੰਜਾਬ ਦੀ ਸੱਤਾ ਤੇ ਕਾਬਿਜ ਹੋਣ ਦੀ ਯੋਜਨਾ ਬਣਾ ਰਹੀ ਹੈ। ਇਹ ਬਿਆਨ ਸਾਬਤ ਕਰਦਾ ਹੈ ਕਿ ਸਰਕਾਰ ਨੇ ਪੰਜਾਬ ਦੇ ਸਰੋਤਾਂ ਨੂੰ ਲੁੱਟਣ ਲਈ ਪਹਿਲਾਂ ਹੀ "ਡਾਕਾ ਪਲਾਨ" ਤਿਆਰ ਕੀਤਾ ਹੋਇਆ ਹੈ। ਲੋਕਾਂ ਦੇ ਟੈਕਸ ਦਾ ਪੈਸਾ ਵਿਗਿਆਪਨਾਂ ਤੇ ਫਿਜ਼ੂਲ ਖਰਚੇ ਵਿੱਚ ਉਡਾਇਆ ਜਾ ਰਿਹਾ ਹੈ ਜਦੋਂ ਕਿ ਹਸਪਤਾਲਾਂ, ਸਕੂਲਾਂ ਅਤੇ ਕਿਸਾਨਾਂ ਦੀ ਹਾਲਤ ਬੇਹੱਦ ਖ਼ਰਾਬ ਹੈ। ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਤੁਰੰਤ ਇਸ ਬਿਆਨ ਦਾ ਨੋਟਿਸ ਲਵੇ ਤੇ ਲੋਕਤੰਤਰ ਦੀ ਧੱਜੀਆਂ ਉਡਾਉਣ ਵਾਲੀ ਆਮ ਆਦਮੀ ਪਾਰਟੀ ਨੂੰ ਜਵਾਬਦੇਹ ਬਣਾਏ। ਅਸੀਂ ਚੋਣ ਕਮਿਸ਼ਨ ਆਫ਼ ਇੰਡੀਆ ਤੋਂ ਮੰਗ ਕਰਦੇ ਹਾਂ ਕਿ ਇਸ ਬਿਆਨ 'ਤੇ ਤੁਰੰਤ ਸਖ਼ਤ ਨੋਟਿਸ ਲਿਆ ਜਾਵੇ ਅਤੇ ਪੰਜਾਬ ਵਿੱਚ ਲੋਕਤੰਤਰ ਨੂੰ ਕੁਚਲਣ ਵਾਲੇ ਅਜਿਹੇ ਤੱਤਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਅਕਾਲੀ ਦਲ ਵਾਰਿਸ ਪੰਜਾਬ ਦੇ ਸਾਫ਼ ਕਰਦਾ ਹੈ ਕਿ ਅਸੀਂ ਲੋਕਾਂ ਨੂੰ ਏਕਤਾ, ਨਿਆਂ ਅਤੇ ਅਮਨ-ਸਾਂਤੀ ਦੇ ਰਾਹ 'ਤੇ ਲੈ ਕੇ ਜਾਣ ਲਈ ਅਤੇ ਇਕ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਵਚਨਬੱਧ ਹਾਂ ਅਤੇ ਅਜਿਹੀਆਂ ਅਣਜਿੰਮੇਵਾਰ ਤੇ ਖ਼ਤਰਨਾਕ ਸੋਚਾਂ ਦਾ ਪੂਰੇ ਜ਼ੋਰ ਨਾਲ ਵਿਰੋਧ ਕਰਾਂਗੇ।

### ਜਰਮਨੀ ਦੀਆਂ ਪੰਥਕ ਜਥੇਬੰਦੀਆਂ ਅਤੇ ਅਜ਼ਾਦੀ ਪ੍ਰਸਤ ਸਿੱਖਾਂ ਵੱਲੋਂ

# ਫਰੈਂਕਫਰਟ ਭਾਰਤੀ ਸਫਾਰਤਖਾਨੇ ਸਾਹਮਣੇ ਭਾਰੀ ਰੋਹ ਪ੍ਰਦਰਸ਼ਨ



ਨਵੀਂ ਦਿੱਲੀ 16 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਪੰਥਕ ਜਥੇਬੰਦੀਆਂ ਵੱਲੋਂ 15 ਅਗਸਤ ਨੂੰ ਕਾਲੇ ਦਿਨ ਵਜੋਂ ਮਨਾਉਂਦਿਆਂ ਇਸ ਦਿਨ ਨੂੰ ਸਿੱਖਾਂ ਸਮੇਤ ਘੱਟ ਗਿਣਤੀਆਂ ਲਈ ਗੋਰੇ ਅੰਗਰੇਜ਼ ਦੀ ਗੁਲਾਮੀ ਵਿੱਚੋਂ ਨਿਕਲ ਕੇ ਕਾਲੇ ਅੰਗਰੇਜ ਦੇ ਗੁਲਾਮ ਹੋ ਜਾਣਾ ਅਲਾਨਿਆ। ਸਿੱਖ ਫੈਡਰੇਸ਼ਨ ਜਰਮਨੀ ਆਗੂ ਭਾਈ ਗੁਰਦਿਆਲ ਸਿੰਘ ਲਾਲੀ ਨੇ ਸਟੇਜ ਦੀ ਸੇਵਾ ਬਾਖ਼ੂਬੀ ਨਿਭਾਉਦਿਆਂ ਪੰਥਕ ਬੁਲਾਰਿਆਂ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ ਪ੍ਰਧਾਨ ਭਾਈ ਲਖਵਿੰਦਰ ਸਿੰਘ ਮੱਲ੍ਹੀ, ਬੱਬਰ ਖਾਲਸਾ ਮੁਖੀ ਜਥੇਦਾਰ ਰੇਸ਼ਮ ਸਿੰਘ ਬੱਬਰ, ਜਥੇਦਾਰ ਸਤਨਾਮ ਸਿੰਘ ਬੱਬਰ, ਭਾਈ ਗੁਰਚਰਨ ਸਿੰਘ ਗੁਰਾਇਆ, ਦਲ ਖਾਲਸਾ ਜਰਮਨੀ ਆਗੂ ਭਾਈ ਹਰਮੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਪ੍ਰਧਾਨ ਭਾਈ ਹੀਰਾ ਸਿੰਘ ਮੱਤੇਵਾਲ, ਅਕਾਲੀ ਦਲ ਵਾਰਿਸ ਪੰਜਾਬ ਜਰਮਨੀ ਯੂਰਪ ਆਗੂ ਭਾਈ ਜਗਤਾਰ ਸਿੰਘ ਮਾਹਲ ਅਤੇ ਭਾਈ ਜੁਗਰਾਜ ਸਿੰਘ, ਭਾਈ ਅਵਤਾਰ ਸਿੰਘ ਬੱਬਰ, ਭਾਈ ਰਾਜਿੰਦਰ ਸਿੰਘ ਬੱਬਰ ਅਤੇ ਭਾਈ ਜਸਵੰਤ ਸਿੰਘ ਬੱਬਰ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ। ਇੰਨ੍ਹਾਂ ਤੋਂ ਇਲਾਵਾ ਭਾਈ ਅੰਗਰੇਜ਼ ਸਿੰਘ, ਭਾਈ ਰਾਮਪਾਲ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਰਾਜਵਿੰਦਰ ਸਿੰਘ ਰਾਜੂ, ਭਾਈ ਤਜਿੰਦਰ ਸਿੰਘ ਬਾਜਵਾ ਆਦਿ ਹਾਜ਼ਰ ਸਨ। ਪੰਥਕ ਬੁਲਾਰਿਆਂ ਨੇ 1947 ਤੋਂ ਬਾਅਦ ਹੁਣ ਤੱਕ ਸਿੱਖਾਂ ਸਮੇਤ ਘੱਟ ਗਿਣਤੀਆਂ ਤੇ ਵੱਖ ਵੱਖ ਸੂਬਿਆਂ ਅੰਦਰ ਹੋ ਰਹੇ ਅੱਤਿਆਚਾਰਾਂ ਦੀ ਦਾਸਤਾਨ ਨੂੰ ਹਰ ਪੱਖ ਤੋਂ ਬਿਆਨ ਕੀਤਾ। ਭਾਰਤੀ ਅਕ੍ਰਿਤਘਣਤਾ ਕਿਥੋਂ ਤੱਕ ਨਿੱਘਰ ਚੁੱਕੀ ਹੈ ਕਿ ਸਿੱਖ ਨੌਜਵਾਨ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਜੇਲਾਂ ਵਿੱਚ ਬੰਦ ਹਨ। ਦੂਜੇ ਪਾਸੇ ਸਾਧਵੀ ਪ੍ਰਤਿਗਿਆ ਅਤੇ ਕਰਨਲ ਪ੍ਰਹੋਇਤ ਵਰਗੇ ਬੰਬ ਧਮਾਕਿਆਂ ਦੇ ਦੋਸ਼ੀ ਰਾਜਸੀ ਸੱਤਾ ਦਾ ਅਨੰਦ ਮਾਣ ਰਹੇ ਹਨ। ਕਿਸ਼ੋਰੀ ਵਰਗੇ ਸਿੱਖਾਂ ਦੇ ਕਾਤਲ ਪੰਜ ਵਾਰ ਫਾਂਸੀ ਦੀ ਸਜ਼ਾ ਹੋਣ ਤੋਂ ਬਾਅਦ ਬਾਹਰ ਘੁੰਮ ਰਹੇ ਹਨ ਉਨ੍ਹਾਂ ਕਿਹਾ ਕਿ ਘੱਟ ਗਿਣਤੀ ਕੌਮਾਂ ਨੂੰ ਖਤਮ ਕਰਕੇ ਹਿੰਦੂਤਵ ਵਿੱਚ ਜ਼ਜ਼ਬ ਕਰਨ ਦੇ ਭਾਰਤੀ ਨਿਜ਼ਾਮ ਦੇ ਮਨਸੂਬੇ ਹੁਣ ਪੂਰੀ ਦੁਨੀਆਂ ਵਿੱਚ ਜਾਹਰ ਹੋ ਚੁੱਕੇ ਹਨ। ਭਾਰਤੀ ਨਿਜ਼ਾਮ ਤੋਂ ਛੁਟਕਾਰਾ ਪਾਉਣ ਲਈ ਕਈ ਸੂਬੇ ਆਪਣੇ ਝੰਡੇ ਬੁਲੰਦ ਕਰ ਚੁੱਕੇ ਹਨ। ਪੰਥਕ ਆਗੂਆਂ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨ ਸਨ ਕਿ ਜਿਸ ਦਿਨ ਦਰਬਾਰ ਸਾਹਿਬ ਤੇ ਭਾਰਤੀ ਫੋਰਸਾਂ ਦੇ ਪੈਰ ਪਏ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਇਹ ਬਚਨ ਅਟੱਲ ਹੋ ਕੇ ਰਹਿਣਗੇ। ਬਹੁਤ ਜਲਦੀ ਖਾਲਿਸਤਾਨ ਦੁਨੀਆਂ ਦੇ ਨਕਸ਼ੇ ਤੇ ਆਵੇਗਾ। ਸਿੱਖ ਕਦੇ ਵੀ 1947 ਵਾਲੀ ਗਲਤੀ ਨਹੀ ਦੁਹਰਾਉਣਗੇ।17 ਅਗਸਤ ਨੂੰ ਐਸ ਐਫ ਜੇ ਵਲੋਂ ਅਮਰੀਕਾ ਦੇ ਵਾਸ਼ਿੰਗਟਨ ਡੀ ਸੀ ਵਿਖੇ ਕਰਵਾਈਆਂ ਜਾ ਰਹੀਆਂ ਰਿੰਫਰੈਡਮ ਦੀਆਂ ਵੋਟਾਂ ਵਿੱਚ ਉਥੋਂ ਦੇ ਵੱਧ ਤੋਂ ਵੱਧ ਸਿੱਖਾਂ ਅਤੇ ਪੰਜਾਬੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ ਤਾਂ ਕਿ ਭਾਰਤੀ ਸਰਕਾਰ ਦੀਆਂ ਅੱਖਾਂ ਖੁੱਲ ਸਕਣ ਅਤੇ ਬਾਹਰਲੀਆਂ ਸਰਕਾਰਾਂ ਨੂੰ ਵੀ ਇਹ ਸਪਸਟਾ ਹੋ ਜਾਵੇ ਕਿ ਸਿੱਖ ਹੁਣ ਭਾਰਤ ਦੀ ਗਲਾਮੀ ਤੋਂ ਮੁਕਤ ਹੋ ਅਪਣਾ ਵੱਖਰਾ ਦੇਸ ਜਿਸ ਦੇ ਕਦੀ ਉਹ ਮਾਲਕ ਹੁੰਦੇ ਸੀ (ਖਾਲਿਸਤਾਨ) ਚਾਹੁੰਦੇ ਹਨ।

### ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ

# ਬਲਾਈਂਡ ਹੋਮ ਮਖੂ ਗੇਟ ਵਿਚ ਝੰਡਾ ਲਹਿਰਾ ਕੇ ਆਜ਼ਾਦੀ ਦਿਵਸ ਮਨਾਇਆ



ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਵੱਲੋਂ ਬਲਾਈਡ ਹੋਮ ਮਖੂ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਝੰਡਾ ਲਹਿਰਾਇਆ ਗਿਆ। ਉਪਰੰਤ ਵੱਖ—ਵੱਖ ਬੁਲਾਰਿਆਂ 15 ਅਗਸਤ 1947 ਤੋਂ ਪਹਿਲਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਕਿਸ਼ਨ ਚੰਦ ਜਾਗੋਵਾਲੀਆ ਨੇ ਕਿਹਾ ਕਿ ਸਾਡੇ ਦੇਸ਼ ਭਗਤਾਂ ਦੀ ਬਦੌਲਤ ਸਾਨੂੰ ਮਹਿੰਗੇ ਭਾਅ ਆਜਾਦੀ ਮਿਲੀ, ਸਾਡੇ ਭਾਰਤ ਵਿਚ ਪਹਿਲਾਂ ਮੂਗਲਾਂ ਨੇ ਰਾਜ ਕੀਤਾ, ਫਿਰ ਅੰਗਰੇਜਾਂ ਨੇ ਰਾਜ ਕੀਤਾ ਅਤੇ ਸਾਡੇ ਦੇਸ਼ ਭਗਤਾਂ ਨੇ ਜਿਵੇਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਹੱਸ—ਹੱਸ ਕੇ ਫਾਂਸੀ ਦੇ ਫੰਦਿਆਂ ਤੇ ਚੜ ਕੇ ਦੇਸ਼ ਆਜਾਦ ਕਰਵਾਇਆ। ਇਸ ਮੌਕੇ ਤੇ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ ਨੇ ਬੋਲਦਿਆਂ ਕਿਹਾ ਕਿ ਸਾਨੂੰ ਇਸ ਆਜਾਦੀ ਨੂੰ ਸੰਭਾਲ ਕੇ ਰੱਖਣਾ ਸਮੇਂ ਦੀ ਮੁੱਖੰ ਗ ਹੈ, ਸਾਡੇ ਉਪਰ ਬਾਹਰਲੀਆਂ ਸ਼ਕਤੀਆਂ ਏਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ, ਸਾਨੂੰ ਗੁਲਾਮ ਬਨਾਉਣ ਲਈ, ਪਰ ਅਸੀਂ ਸੋਚਣਾ ਹੈ ਕਿ ਇਸ ਆਜਾਦੀ ਨੂੰ ਕਿਵੇਂ ਬਰਕਰਾਰ ਰੱਖਣਾ ਹੈ। ਦਇਸ ਮੌਕੇ ਤੇ ਸ੍ਰੀ ਪਰਵੀਨ ਧਵਨ ਨੇ ਬਹੁਤ ਹੀ ਬਾਰੀਕੀ ਨਾਲ ਆਜਾਦੀ ਬਾਰੇ ਮੈਂਬਰਾਂ ਨੂੰ ਚਾਨਣਾ ਪਾਇਆ ਕਿ ਹੁਣ ਤੋਂ ਨਹੀਂ ਪਹਿਲਾਂ ਤੋਂ ਹੀ ਦੋ ਧੜਿਆ ਵਿਚ ਵੰਡੇ ਗਏ ਸੀ ਅਤੇ ਇਕ ਧੜਾ ਚਾਹੁੰਦਾ ਸੀ ਕਿ ਅਸੀਂ ਆਜਾਦੀ ਅਮਨ ਸ਼ਾਂਤੀ ਨਾਲ ਲਈਏ, ਪਰ ਗਰਮ ਧੜਾ ਇਸ ਦੇ ਹੱਕ ਵਿਚ ਨਹੀਂ ਸੀ, ਉਹ ਚਾਹੁੰਦਾ ਸੀ ਕਿ ਜਿਸ ਤਰ੍ਹਾਂ ਸਾਡੇ ਭਾਰਤ ਵਾਸੀ ਅੰਗਰੇਜਾਂ ਨੇ ਲੱਖਾਂ ਭਾਰਤੀਆਂ ਤੇ ਤਸ਼ੱਦਦ ਕੀਤਾ, ਇਸ ਲਈ ਅਸੀਂ ਅੰਗਰੇਜਾਂ ਨੂੰ ਕੁੱਟ ਕੁੱਟ ਕੇ ਭਜਾਵਾਂਗੇ, ਪਰ ਉਨ੍ਹਾਂ ਨੂੰ ਪਹਿਲਾਂ ਹੀ ਫਾਂਸੀ ਦੇ ਦਿੱਤੀ ਗਈ ਅਤੇ ਫਿਰ ਇਹ ਨਹਿਰੂ ਪਰਿਵਾਰ ਹੱਥ ਦੇਸ਼ ਦੀ ਬਾਂਗਡੋਰ ਹੱਥ ਆਈ। ਇਸ ਮੌਕੇ ਤੇ ਕਿਸ਼ਨ ਚੰਦ ਜਾਗੋਵਾਲੀਆ, ਡਾ: ਦੀਵਾਨ ਚੰਦ ਸੁਖੀਜਾ ਚੇਅਰਮੈਨ, ਪਰਵੀਨ ਕੁਮਾਰ ਧਵਨ ਜਨਰਲ ਸਕੱਤਰ, ਰਮੇਸ਼ ਬਜਾਜ ਮੀਤ ਪ੍ਰਧਾਨ, ਰਾਮ ਕਿਸ਼ੋਰ ਕੋਆਰਡੀਨੇਟਰ, ਮਦਨ ਲਾਲ ਤਿਵਾੜੀ, ਸੁਭਾਸ਼ ਚੌਧਰੀ, ਅਵਤਾਰ ਸਿੰਘ, ਅਵਿਨਾਸ਼ ਸਿੰਘ, ਸਰਵਹਤੈਸ਼ੀ ਭਾਟੀਆ, ਅਗਮ ਦੇਸ਼ ਰਾਜ ਸ਼ਰਮਾ, ਪੁਸ਼ਪਲਤਾ, ਰੇਣੂ ਬਾਲਾ, ਸਰੇਸ਼ਟ ਬਾਬਾ, ਜੀਵਨ ਕਾਂਤਾ, ਮਨੋਹਰ ਲਾਲ ਹਾਜ਼ਰ ਸਨ। ਇਸ ਮੌਕੇ ਤੇ ਲੱਡੂ ਵੰਡੇ ਗਏ ਅਤੇ ਖਾਣ—ਪੀਣ ਅਤੇ ਚਾਹ ਵਰਤਾਈ ਗਈ।

# ਆਜ਼ਾਦੀ ਦਿਵਸ 'ਤੇ ਵਪਾਰੀਆਂ ਨੇ ਸਰਕਾਰ ਤੋਂ ਸਦਰ ਬਾਜ਼ਾਰ ਦੀਆਂ ਸਮੱਸਿਆਵਾਂ ਤੋਂ ਛੁਟਕਾਰੇ ਦੀ ਮੰਗ ਕੀਤੀ



ਨਵੀਂ ਦਿੱਲੀ 16 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਸਵਦੇਸ਼ੀ ਮਾਰਕੀਟ ਟਰੇਡਰਜ਼ ਐਸੋਸੀਏਸ਼ਨ ਦੇ ਮੁੱਖ ਬਾਜ਼ਾਰ ਸਦਰ ਬਾਜ਼ਾਰ ਦੇ ਉਪ ਪ੍ਰਧਾਨ ਰਾਜਕੁਮਾਰ ਗੁਪਤਾ ਅਤੇ ਜਨਰਲ ਸਕੱਤਰ ਹੇਮੰਤ ਮਹਿਦੀਰੱਤਾ ਵੱਲੋਂ 79ਵੇਂ ਆਜ਼ਾਦੀ ਦਿਵਸ 'ਤੇ ਬਾਜ਼ਾਰ ਵਿੱਚ ਝੰਡਾ ਸਲਾਮੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਮੁੱਖ ਮਹਿਮਾਨ, ਫੈਡਰੇਸ਼ਨ ਆਫ ਸਦਰ ਬਾਜ਼ਾਰ ਟਰੇਡਜ਼ ਐਸੋਸੀਏਸ਼ਨ ਦੇ ਚੇਅਰਮੈਨ ਪਰਮਜੀਤ ਸਿੰਘ ਪੰਮਾ, ਪ੍ਰਧਾਨ ਰਾਕੇਸ਼ ਯਾਦਵ, ਖਜ਼ਾਨਚੀ ਦੀਪਕ ਮਿੱਤਲ ਨੇ ਝੰਡਾ ਲਹਿਰਾਇਆ ਅਤੇ ਸਾਰਿਆਂ ਨੂੰ ਆਜ਼ਾਦੀ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪਰਮਜੀਤ ਸਿੰਘ ਪੰਮਾ ਅਤੇ ਰਾਕੇਸ਼ ਯਾਦਵ ਨੇ ਕਿਹਾ ਕਿ ਸਦਰ ਬਾਜ਼ਾਰ ਦਾ ਕਾਰੋਬਾਰ ਬਹੁਤ ਮੁਸ਼ਕਲਾਂ ਵਿੱਚੋਂ ਗੁਜ਼ਰ ਰਿਹਾ ਹੈ। ਇੱਕ ਪਾਸੇ ਟਰੈਕ, ਜਾਮ ਅਤੇ ਟੁੱਟੀਆਂ ਸੜਕਾਂ ਵਰਗੀਆਂ ਕਈ ਸਮੱਸਿਆਵਾਂ ਕਾਰੋਬਾਰ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਔਨਲਾਈਨ ਸਾਮਾਨ ਵੇਚਣ ਵਾਲੇ ਇਸਦਾ ਫਾਇਦਾ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਵਪਾਰੀ ਇਸ ਤੋਂ ਆਜ਼ਾਦੀ ਚਾਹੁੰਦੇ ਹਨ। ਇਸ ਮੌਕੇ ਪੂਰਾ ਬਾਜ਼ਾਰ ਤਿਰੰਗੇ ਨਾਲ ਸਜਾਇਆ ਗਿਆ ਸੀ। ਸ਼ਾਕਿਰ ਹੁਸੈਨ, ਹੇਮੰਤ ਮਹਿਦੀਰੱਤਾ, ਪੰਕਜ ਜੈਨ, ਰਾਜ ਕੁਮਾਰ ਗੁਪਤਾ, ਮੁਹੰਮਦ ਫੈਜ਼ਾਨ, ਫੈਜ਼ਲ ਮਹਾਜਨ, ਨਰਿੰਦਰ ਸਿੰਘਲ ਕੁਲਰਾਜ, ਵਿਨੋਦ ਮਹੇਂਦਰੂ ਨੇ ਕਿਹਾ ਕਿ ਸਰਕਾਰ ਨੂੰ ਵਪਾਰੀਆਂ ਦੇ ਦਰਦ ਨੂੰ ਵੀ ਸਮਝਣਾ ਚਾਹੀਦਾ ਹੈ। ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸਵਦੇਸ਼ੀ ਸਮਾਨ ਨੂੰ ਹੋਰ ਪ੍ਰਮੋਟ ਕੀਤਾ ਜਾ ਸਕੇ।

# ਸਿੱਖ ਜਥੇਬੰਦੀਆਂ ਵੱਲੋਂ ਊਧਮ ਸਿੰਘ ਚੌਂਕ ਵਿਚ ਕਾਲਾ ਦਿਵਸ ਮਨਾਇਆ





ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :— ਅੱਜ ਵੱਖ—ਵੱਖ ਸਿੱਖ ਜਥੇਬੰਦੀਆਂ ਵੱਲੋਂ ਊਧਮ ਸਿੰਘ ਚੌਂਕ ਵਿਖੇ ਕਾਲਾ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਇੰਟਰਨੈਸ਼ਨਲ ਪੰਥਕ ਦਲ, ਸ਼੍ਰੋਮਣੀ ਅਕਾਲੀ ਦਲ ਮਾਨ, ਸਿੱਖ ਸਟੂਡੈਂਟਸ ਫੈਡਰੇਸ਼ਨ, ਏਕ ਨੂਰ ਖਾਲਸਾ ਫੌਜ਼, ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਾਲੇ ਝੰਡੇ ਲਾ ਕੇ ਸਿਰਾਂ ਤੇ ਕਾਲੀਆਂ ਪਟੀਆਂ ਬੰਨ ਕੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਤੇ ਉਪਰੋਕਤ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ 1947 ਵਿਚ ਸਿੱਖ ਕੌਮ ਨੇ 98 ਫੀਸਦੀ ਕੁਰਬਾਨੀਆਂ ਦੇ ਕੇ ਦੇਸ਼ ਆਜ਼ਾਦ ਕਰਵਾਇਆ। ਇਸ ਤੋਂ ਬਾਅਦ ਇਹ ਦੇਸ਼ ਦੇ ਹਾਕਮਾਂ ਦਾ ਸਿੱਖ ਕੌਮ ਪ੍ਰਤੀ ਰਵਈਆ ਬਦਲ ਗਿਆ। ਉਪਰੋਕਤ ਆਗੂਆਂ ਨੇ ਅੱਗੇ ਕਿਹਾ ਕਿ 1984 ਵਿਚ ਅਕਾਲ ਤਖਤ ਸਾਹਿਬ ਨੂੰ ਟੈਕਾਂ ਤੋਪਾਂ ਨਾਲ ਢਹਿ ਢੇਰੀ ਕੀਤਾ ਅਤੇ ਦਿੱਲੀ ਦੀਆਂ ਗਲੀਆਂ ਵਿਚ ਅਤੇ ਹਿੰਦੂਸਤਾਨ ਦੇ ਸ਼ਹਿਰਾਂ ਵਿਚ ਸਿੱਖ ਨੌਜਵਾਨਾਂ ਦੇ ਗਲਾਂ ਵਿਚ ਟਾਈਰ ਪਾ ਕੇ ਸਾੜਿਆ ਅਤੇ ਧੀਆਂ ਭੈਣਾਂ ਨਾਲ ਬਲਾਤਕਾਰ ਕਰਨ ਦੀਆਂ ਘਿਨੌਣੀਆਂ ਹਰਕਤਾਂ ਕੀਤੀਆਂ ਅਤੇ ਬਾਅਦ ਵਿਚ ਧੰਨ—ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਨੀਆਂ ਅਤੇ ਸ਼ਾਂਤ ਮਈ ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਨਾ ਅਤੇ ਜਿਹੜੇ ਸਿੰਘ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਨਾ ਕਰਨਾ, ਜਿਸ ਤਹਿਤ ਅਸੀਂ ਹਰ ਸਾਲ 15 ਅਗਸਤ ਅਤੇ 26 ਜਨਵਰੀ ਨੂੰ ਆਜ਼ਾਦੀ ਵਾਲੇ ਦਿਨ ਅਸੀਂ ਕਾਲਾ ਦਿਵਸ ਮਨਾਉਂਦੇ ਹਾਂ। ਇਸ ਮੌਕੇ ਤੇ ਵੱਖ—ਵੱਖ ਜਥੇਬੰਦੀਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸਰਪ੍ਰਸਤ ਲਖਬੀਰ ਸਿੰਘ ਮਹਾਲਮ ਅਤੇ ਜਗਤਾਰ ਸਿੰਘ, ਟਹਿਲ ਸਿੰਘ ਸ਼ੇਰ ਖਾਂ, ਸੁਖਬਾਜ ਸਿੰਘ, ਛਿੰਦਰ ਸਿੰਘ ਮਹਾਲਮ, ਸਰਪੰਚ ਸੁਖਦੇਵ ਸਿੰਘ ਮਹਾਲਮ, ਅਮਰਜੀਤ ਸਿੰਘ ਮਹਾਲਮ, ਇਸ ਤਰ੍ਹਾਂ ਇੰਟਰਨੈਸ਼ਨਲ ਪੰਥਕ ਦਲ ਦੇ ਬਾਬਾ ਸਤਨਾਮ ਸਿੰਘ ਵਲੀਆ ਪੰਜਾਬ ਪ੍ਰਧਾਨ ਧਾਰਮਿਕ ਵਿੰਗ, ਭਾਈ ਜ਼ੋਗਿੰਦਰ ਸਿੰਘ ਮੀਤ ਪ੍ਰਧਾਨ ਪੰਜਾਬ ਧਾਰਮਿਕ ਵਿੰਗ, ਭਾਈ ਕ੍ਰਿਪਾ ਸਿੰਘ ਪੰਜਾਬ ਪ੍ਰਧਾਨ ਕਿਸਾਨ ਵਿੰਗ, ਭਾਈ ਗੁਰਨਾਮ ਸਿੰਘ ਮਹਾਲਮ, ਜਨਰਲ ਸਕੱਤਰ ਜ਼ਿਲ੍ਹਾ ਫ਼ਿਰੋਜ਼ਪੁਰ, ਏਕ ਨੂਰ ਖਾਲਸਾ ਫੌਜ਼ ਦੇ ਭਾਈ ਹਿੰਮਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਨਿਰਮਲ ਸਿੰਘ ਗੱਟਾ ਬਾਦਸ਼ਾਹ, ਸਵਰਨ ਸਿੰਘ ਸ਼ਹਿਰੀ ਪ੍ਰਧਾਨ ਫ਼ਿਰੋਜ਼ਪੁਰ, ਰਣਧੀਰ ਸਿੰਘ ਰੋਡੇ, ਬਲਜਿੰਦਰ ਸਿੰਘ ਲੋਹਗੜ੍ਹ, ਸੁਖਵਿੰਦਰ ਸਿੰਘ ਲੋਹਗੜ, ਦੂਲਾ ਸਿੰਘ ਤਰਨ ਤਾਰਨ, ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਮਾਨ ਦੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਭੁੱਲਰ, ਪਰਗਟ ਸਿੰਘ ਵਾਹਕੇ, ਸੁੱਚਾ ਸਿੰਘ, ਇਸੇ ਤਰ੍ਹਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ ਡਾ: ਗੁਰਮੀਤ ਸਿੰਘ, ਸ਼ਹਿਰੀ ਪ੍ਰਧਾਨ ਕੁਲਦੀਪ ਸਿੰਘ ਨੰਢਾ, ਇਸੇ ਤਰ੍ਹਾਂ ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੇ ਚਰਨ ਸਿੰਘ ਕੀਰਤੀ ਚੱਕਰ, ਭਾਈ ਹਿੰਮਤ ਸਿੰਘ, ਮਨਜੀਤ ਸਿੰਘ ਮੀਤ ਪ੍ਰਧਾਨ, ਜਰਨੈਲ ਸਿੰਘ, ਚਮਕੌਰ ਸਿੰਘ, ਚਾਨਣ ਸਿੰਘ ਸਰਪੰਚ, ਕੈਪਟਨ ਸੁਰਜੀਤ ਸਿੰਘ ਹਾਜ਼ਰ ਸਨ, ਜਿਨ੍ਹਾਂ ਨੇ ਕਾਲੀਆਂ ਝੰਡੀਆਂ ਅਤੇ ਸਿਰ ਤੇ ਕਾਲੀਆਂ ਪਟੀਆਂ ਬਨੀਆਂ ਸਨ।

## ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਆਜ਼ਾਦੀ ਦਿਵਸ ਮੌਕੇ ਲਹਿਰਾਇਆ ਤਿਰੰਗਾ

# ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਹੋ ਰਿਹਾ ਰਾਜ ਦਾ ਸਰਬਪੱਖੀ ਵਿਕਾਸ–ਸੰਧਵਾਂ











ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :– ਸੁਤੰਤਰਤਾ ਦਿਵਸ ਦੇ ਸਬੰਧ ਵਿਚ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਦਾ ਆਯੋਜਨ ਕੈਂਟ ਬੋਰਡ ਸਟੇਡੀਅਮ ਫਿਰੋਜ਼ਪੁਰ ਛਾਉਣੀ ਵਿਖੇ ਕੀਤਾ ਗਿਆ, ਜਿਸ ਵਿਚ ਸਪੀਕਰ ਪੰਜਾਬ ਵਿਧਾਨ ਸਭਾ ਸ। ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਤੇ ਉਨ੍ਹਾਂ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਉਨ੍ਹਾਂ ਬੀ.ਐਸ.ਐਫ, ਪੰਜਾਬ ਪੁਲਿਸ, ਪੰਜਾਬ ਪੁਲਿਸ ਮਹਿਲਾ ਵਿੰਗ, ਪੰਜਾਬ ਹੋਮ ਗਾਰਡ, ਐਨ.ਸੀ.ਸੀ, ਸਕਾਊਟ ਤੇ ਗਾਈਡ ਦੀਆਂ ਟੁਕੜੀਆਂ ਤੋਂ ਸਲਾਮੀ ਲਈ। ਇਸ ਮੌਕੇ ਡਿਪਟੀ ਕਮਿਸ਼ਨਰ ਦੀਪਸ਼ਿਖ਼ਾ ਸ਼ਰਮਾ ਅਤੇ ਭੁਪਿੰਦਰ ਸਿੰਘ ਸਿੱਧੂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

**☛ ਲੋਕਾਂ ਦੀਆਂ ਮੁਸ਼ਕਲਾ ਦੇ ਹੱਲ ਲਈ ਸਰਕਾਰ ਨੇ ਕੀਤੇ ਅਹਿਮ ਉਪਰਾਲੇ ☛ ਕੈਂਟ ਬੋਰਡ ਸਟੇਡੀਅਮ ਫਿਰੋਜ਼ਪੁਰ ਛਾਉਣੀ ਵਿਖੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਦਾ ਆਯੋਜਨ**

ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਵਿਚ ਜ਼ਿਲ੍ਹਾ ਵਾਸੀਆਂ ਨੂੰ ਆਪਣੇ ਸੰਦੇਸ਼ ਵਿਚ ਮੁੱਖ ਮਹਿਮਾਨ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਨੇਕਾਂ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਦੀਆਂ ਅਦੁੱਤੀਆਂ ਕੁਰਬਾਨੀਆਂ ਸੰਘਰਸ਼ ਸਦਕਾ ਸਾਡਾ ਦੇਸ਼ ਆਜ਼ਾਦ ਹੋਇਆ ਹੈ ਅਤੇ ਇਸ ਅਵਸਰ ਤੇ ਅਸੀਂ ਆਜ਼ਾਦੀ ਦੇ ਪਰਵਾਨਿਆਂ ਤੇ ਸਮੂਹ ਸ਼ਹੀਦਾਂ, ਸੂਰਬੀਰਾਂ ਤੇ ਵੱਖ ?ਵੱਖ ਆਜ਼ਾਦੀ ਦੀਆ ਲਹਿਰਾਂ ਵਿਚ ਹਿੱਸਾ ਪਾਉਣ ਵਾਲੇ ਯੋਧਿਆਂ, ਸੂਰਬੀਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਵੱਡੇ ਸਮਰਥਨ ਨਾਲ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਰਾਜ ਦਾ ਸਰਵ ਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ, ਨਸ਼ਿਆਂ ਦੇ ਖ਼ਾਤਮੇ, ਫ਼ਰਿਸ਼ਤੇ ਸਕੀਮ ਅਤੇ ਬਿਜਲੀ ਮੁਆਫੀ ਵਰਗੇ ਇਤਿਹਾਸਕ ਫ਼ੈਸਲੇ ਲਏ ਹਨ, ਜਿਨ੍ਹਾਂ ਦੇ ਬਹੁਤ ਵਧੀਆ ਪਰਿਣਾਮ ਨਿਕਲ ਕੇ ਸਾਹਮਣੇ ਆਏ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਧਰਤੀ ਦਾ ਜਰ੍ਹਾ–ਜਰ੍ਹਾ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਭਰਪੂਰ ਹੈ ਤੇ ਫ਼ਿਰੋਜ਼ਪੁਰ ਜ਼ਿਲ੍ਹੇ ਨੂੰ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਪੰਜਾਬੀਆ ਨੇ ਵੱਧ ਚੜ੍ਹ ਕੇ ਕੁਰਬਾਨੀਆਂ ਕੀਤੀਆਂ ਜਿਸ ਤੇ ਪੂਰੇ ਦੇਸ਼ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਦੀ ਧਰਤੀ ਸਾਡੇ ਦੇਸ਼ ਦੇ ਮਹਾਨ ਸ਼ਹੀਦਾਂ ਦੀਆ ਗਤੀਵਿਧੀਆਂ ਦਾ ਮੁੱਖ ਕੇਂਦਰ ਰਹੀ ਹੈ। ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ, ਸਿਹਤ ਸਹੂਲਤਾ, ਖੇਡਾਂ, ਕਿਸਾਨਾਂ, ਮਜ਼ਦੂਰਾ, ਵਪਾਰੀਆਂ ਅਤੇ ਆਮ ਲੋਕਾਂ ਸਮੇਤ ਰਾਜ ਦੇ ਹਰ ਵਰਗ ਦੀ ਉੱਨਤੀ ਤੇ ਵਿਕਾਸ ਲਈ ਵੱਡੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਵਿਕਾਸ ਪੱਖੋਂ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾਵੇਗਾ ਅਤੇ ਇਸ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 55 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਜੋ ਕਿ ਬਿਨਾਂ ਕਿਸੇ ਸਿਫਾਰਸ਼ ਦੇ ਨਿਰੋਲ ਮੈਰਿਟ ਦੇ ਆਧਾਰ ਤੇ ਕਾਬਿਲ ਨੌਜਵਾਨਾਂ ਨੂੰ ਦਿੱਤੀਆਂ ਗਈਆਂ ਹਨ, ਉਨ੍ਹਾਂ ਕਿਹਾ ਕਿ ਸਰਕਾਰੀ ਬੱਸਾਂ ਵਿੱਚ ਔਰਤਾਂ ਲਈ ਮੁਫ਼ਤ ਸਫ਼ਰ ਦੀ ਸਹੂਲਤ ਨੂੰ ਜਾਰੀ ਰੱਖਦਿਆਂ 1 ਅਪ੍ਰੈਲ 2024 ਤੋਂ 30 ਜੂਨ 2025 ਤੱਕ ਸੂਬੇ ਦੀਆਂ ਔਰਤਾਂ ਵੱਲੋਂ ਕੀਤੇ ਗਏ ਮੁਫ਼ਤ ਸਫ਼ਰ ਲਈ ਸਰਕਾਰ ਨੇ 470 ਕਰੋੜ ਰੁਪਏ ਤੋਂ ਵਧੇਰੇ ਰਾਸ਼ੀ ਖਰਚ ਕੀਤੀ ਹੈ। ਉਹਨਾਂ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਹੋਰ ਸੁਧਾਰ ਵਾਸਤੇ ਸਿੱਖਿਆ ਕ੍ਰਾਂਤੀ ਤਹਿਤ ਸੂਬੇ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿੱਚ 2000 ਕਰੋੜ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟ ਸਮਰਪਿਤ ਕੀਤੇ ਗਏ ਹਨਫ਼ ਉਹਨਾਂ ਕਿਹਾ ਕਿ ਸਰਕਾਰ ਨੇ ਹਰ ਖੇਤ ਤੱਕ ਪਾਣੀ ਪਹੁੰਚਾਉਣ ਲਈ 545 ਕਿਲੋਮੀਟਰ ਲੰਮੀਆਂ 79 ਨਹਿਰਾਂ ਬਹਾਲ ਕੀਤੀਆਂ ਹਨ ਇਸ ਨਾਲ 41, 135 ਏਕੜ ਰਕਬੇ ਨੂੰ ਨਹਿਰੀ ਪਾਣੀ ਮਿਲੇਗਾ। ਇਸ ਤੋਂ ਪਹਿਲਾਂ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਵੱਲੋਂ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਕੌਮੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਅੱਜ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ।

ਇਸ ਸਮਾਗਮ ਵਿਚ ਵੱਖ–ਵੱਖ ਖੇਤਰਾਂ ਵਿਚ ਪ੍ਰਾਪਤੀਆਂ ਕਰਨ ਵਾਲੀਆਂ ਸ਼ਖ਼ਸੀਅਤਾਂ, ਸੁਤੰਤਰਤਾ ਸੰਗਰਾਮੀਆਂ, ਕਾਰਗਿਲ ਸ਼ਹੀਦਾਂ ਦੇ ਪਰਿਵਾਰਾਂ, ਖਿਡਾਰੀਆਂ, ਵਿਦਿਆਰਥੀਆਂ, ਵਧੀਆਂ ਪੰਚਾਇਤਾਂ, ਅਧਿਕਾਰੀਆਂ, ਕਰਮਚਾਰੀਆਂ ਆਦਿ ਨੂੰ ਮੁੱਖ ਮਹਿਮਾਨ ਵਜੋਂ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਦੇਸ਼ ਭਗਤੀ ਨੂੰ ਦਰਸਾਉਂਦਾ ਰੰਗਾਂ ਰੰਗ ਸੱਭਿਆਚਾਰ ਪ੍ਰੋਗਰਾਮ ਤੋਂ ਇਲਾਵਾ ਪੰਜਾਬ ਦੇ ਲੋਕ ਨਾਚਾਂ ਗਿੱਧਾ ਤੇ ਭੰਗੜੇ ਦੀ ਪੇਸ਼ਕਾਰੀ ਵੀ ਕੀਤੀ ਗਈ। ਪਰੇਡ ਦੀ ਸਮੁੱਚੀ ਅਗਵਾਈ ਡੀ.ਐਸ.ਪੀ ਕਰਨ ਸ਼ਰਮਾ ਵੱਲੋਂ ਕੀਤੀ ਗਈ। ਇਸ ਸਮਾਗਮ ਵਿਚ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜ਼ਨੀਸ ਦਹੀਆ, ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ, ਕਮਿਸ਼ਨਰ ਫਿਰੋਜ਼ਪੁਰ ਮੰਡਲ ਸ੍ਰੀ ਅਰੁਣ ਸੇਖੜੀ, ਡੀ.ਆਈ.ਜੀ ਸ੍ਰੀ ਗੁਰਮੀਤ ਸਿੰਘ ਚੌਹਾਨ, ਐਸ.ਸੀ. ਕਮਿਸ਼ਨ ਪੰਜਾਬ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂ ਵਾਲੀ, ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਸੁਮਿਤ ਮਲਹੋਤਰਾ, ਸ਼੍ਰੀ ਹਰਜਿੰਦਰ ਸਿੰਘ ਘਾਂਗਾ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਵਧੀਕ ਡਿਪਟੀ ਕਮਿਸ਼ਨਰ (ਜ) ਦਮਨਜੀਤ ਸਿੰਘ ਮਾਨ, ਡਾ: ਨਿਧੀ ਕੁਮੁਦ ਬੰਬਾਹ, ਵਧੀਕ ਡਿਪਟੀ ਕਮਿਸ਼ਨਰ ਵਿਕਾਸ, ਸਹਾਇਕ ਕਮਿਸ਼ਨਰ ਗੁਰਦੇਵ ਸਿੰਘ ਧੰਮ, ਸਹਾਇਕ ਕਮਿਸ਼ਨਰ ਸਿਮਰਨਜੀਤ ਸਿੰਘ, ਆਈ.ਏ.ਐਸ ਯੂ.ਟੀ. ਮੈਡਮ ਲਿੰਦਿਆ ਸਮੇਤ ਵੱਡੀ ਗਿਣਤੀ ਵਿਚ ਅਧਿਕਾਰੀ, ਰਾਜਨੀਤਿਕ ਆਗੂ, ਵੱਖ–ਵੱਖ ਸਕੂਲਾਂ ਦੇ ਵਿਦਿਆਰਥੀ, ਅਧਿਆਪਕ, ਪੰਚਾਇਤਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਬਾਠ ਦੇ ਜਨਮ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ 24 ਅਗਸਤ ਨੂੰ–ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ



ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :– ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਬਾਠ ਦੇ ਜਨਮ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਜੋ ਕਿ 24 ਅਗਸਤ (9 ਭਾਰਦੋ) ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹਨ ਸਿੰਘ ਜੀ ਤੂਤਾਂ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸਿੱਖ ਪੰਥ ਦੇ ਮਹਾਨ ਰਾਗੀ, ਕਥਾਵਾਚਕ ਜਥੇ ਪਹੁੰਚ ਕੇ ਹਾਜ਼ਰੀ ਭਰਨਗੇ। ਇਸ ਮੌਕੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ, ਜਿਨ੍ਹਾਂ ਵਿਚ ਸ੍ਰੀਮਾਨ ਸੰਤ ਬਾਬਾ ਅਵਤਾਰ ਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ, ਬਾਬਾ ਰਵਿੰਦਰ ਸਿੰਘ ਜ਼ੋਨੀ ਨਾਨਕਸਰ ਵਾਲੇ, ਗਿਆਨੀ ਜੰਗ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ, ਬਾਬਾ ਸੁਖਜੀਤ ਸਿੰਘ ਫ਼ਿਰੋਜ਼ਪੁਰ ਵਾਲੇ ਹਾਜ਼ਰੀ ਭਰਨਗੇ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਅੱਗੇ ਦੱਸਿਆ ਕਿ ਬਾਬਾ ਫਰੀਦ ਸੇਵਾ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ ਅਤੇ ਇਨ੍ਹਾਂ ਸਮਾਗਮਾਂ ਤੇ ਬਾਂਗੜ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਸਾਰੀਆਂ ਬਿਮਾਰੀਆਂ ਦਾ ਫਰੀ ਚੈਕਅਪ ਕੈਂਪ ਲਗਾਇਆ ਜਾਵੇਗਾ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਧਾਰਮਿਕ ਅਤੇ ਰਾਜਨੀਤਕ ਸਖਸ਼ੀਅਤਾਂ ਭਾਰੀ ਗਿਣਤੀ ਵਿਚ ਪਹੁੰਚ ਰਹੀਆਂ ਹਨ, ਜਿਨ੍ਹਾਂ ਵਿਚ ਸੰਤ ਬਾਬਾ ਭਗਤ ਮਿਲਖਾ ਸਿੰਘ ਅਰਮਾਨਪੁਰਾ ਵਾਲੇ, ਬਾਬਾ ਮੁਖਤਿਆਰ ਸਿੰਘ ਨਾਨਕਸਰ ਬੀਰ ਬ੍ਰਹਿਮਣ, ਬਾਬਾ ਦਿਲਬਾਗ ਸਿੰਘ ਆਰਿਫਕੇ, ਬਾਬਾ ਸਜਣ ਸਿੰਘ ਵਾੜਾ ਸ਼ੇਰ ਸਿੰਘ ਵਾਲੇ, ਬਾਬਾ ਸਤਨਾਮ ਸਿੰਘ ਵਲੀਆ ਪ੍ਰਧਾਨ ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ ਵਾਲੇ, ਬਾਬਾ ਜ਼ੋਰਾ ਸਿੰਘ ਤਲਵੰਡੀ ਭਾਈ, ਬਾਬਾ ਗੁਰਦੇਵ ਸਿੰਘ ਕੋਟ ਕਰੋੜ, ਬਾਬਾ ਦਰਸ਼ਨ ਸਿੰਘ ਬੋਰੀ ਵਾਲੇ, ਸੰਤ ਬਾਬਾ ਸੁੱਚਾ ਸਿੰਘ ਨਾਨਕਸਰ ਛਾਂਗਾ ਖੁਰਦ, ਬਾਬਾ ਮਨਜੀਤ ਸਿੰਘ ਗੁਰੂ ਕਾ ਖੂਹ ਮੁਕਤਸਰ, ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਮੋਗੇ ਵਾਲੇ, ਹੰਤ ਹਰਪ੍ਰੀਤ ਸਿੰਘ ਗੋਲੇਵਾਲਾ, ਭਾਈ ਰਛਪਾਲ ਸਿੰਘ ਝੋਕ ਮੋਹੜੇ ਦਮਦਮੀ ਟਕਸਾਲ, ਬਾਬਾ ਹਰਭਜਨ ਸਿੰਘ ਜੰਡ ਸਾਹਿਬ ਡੇਰਾ ਕਾਰ ਸੇਵਾ, ਜਥੇਦਾਰ ਲਖਬੀਰ ਸਿੰਘ ਚੰਨੀਆ ਦੇ ਸਪੁੱਤਰ ਅਮਰਜੀਤ ਸਿੰਘ ਚੰਨੀਆ, ਦਲਜੀਤ ਸਿੰਘ ਚੰਨੀਆ ਦਲ ਬਾਬਾ ਬਿਧੀ ਚੰਦ, ਬਾਬਾ ਵਿਰਸਾ ਸਿੰਘ, ਭਾਈ ਗੁਰਸ਼ਿਮੰਦਰ ਸਿੰਘ ਅਤੇ ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਬਾਉਲੀ ਸਾਹਿਬ, ਭਾਈ ਕੁਲਦੀਪ ਸਿੰਘ ਦਮਦਮੀ ਟਕਸਾਲ, ਭਾਈ ਦਲੇਰ ਸਿੰਘ ਡੋਡ, ਭਾਈ ਸੁਖਦੇਵ ਸਿੰਘ ਬੁਕਣ ਖਾਂ ਦਮਦਮੀ ਟਕਸਾਲ, ਬਾਬਾ ਪੂਰਨ ਸਿੰਘ ਝੋਕ ਹਰੀਹਰ ਵਾਲੇ, ਭਾਈ ਹਰਨੇਕ ਸਿੰਘ ਤੰਬੂ ਵਾਲੇ, ਬਾਬਾ ਕਰਨੈਲ ਸਿੰਘ ਸਾਦਿਕ ਵਾਲੇ, ਬਾਬਾ ਇੰਦਰਪਾਲ ਸਿੰਘ ਦੇਵੀ ਵਾਲੇ, ਮਹੰਤ ਗੋਪਾਲ ਦਾਸ ਅਲੀਕੇ ਮਾਨਸਾ ਵਾਲੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮਹਾਂ ਪੁਰਸ਼ ਪਹੁੰਚ ਰਹੇ ਹਨ। ਸਟੇਜ਼ ਦੀ ਸੇਵਾ ਹਰਜੀਤ ਸਿੰਘ ਤੂਤ ਨਿਭਾਉਣਗੇ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਆਜ਼ਾਦੀ ਦਿਵਸ ਤੇ ਰੋਟਰੀ ਕਲੱਬ ਨੇ ਮਨਾਏ ਜ਼ਸ਼ਨ



ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :– ਦੇਸ਼ ਨੂੰ ਅੰਗਰੇਜੀ ਹਕੂਮਤ ਦੀਆਂ ਜੰਜੀਰਾਂ ਨੂੰ ਅਨੇਕ ਮਹਾਨ ਕਰਾਂਤੀਕਾਰੀਆਂ ਦੀਆਂ ਸ਼ਹਾਦਤਾਂ ਦੇਣ ਤੋਂ ਬਾਅਦ ਮਿਲੀ ਆਜ਼ਾਦੀ ਨੂੰ ਸਾਰਾ ਭਾਰਤ ਦੇਸ਼ ਹਰ ਸਾਲ ਜ਼ਸ਼ਨ ਮਨਾਉਂਦਾ ਹੈ। ਇਸੇ ਜ਼ਸ਼ਨ ਨੂੰ ਰੋਟਰੀ ਕਲੱਬ ਵੱਲੋਂ ਵੀ ਹਰ ਸਾਲ ਆਪਣੇ ਮੈਂਬਰਾਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੋਟਰੀ ਕਲੱਬ ਦੇ ਆਗੂਆਂ ਨੇ ਦੱਸਿਆ ਕਿ ਅੱਜ 15 ਅਗਸਤ ਨੂੰ ਰੋਟਰੀ ਕਲੱਬ ਦੇ ਪ੍ਰਧਨ ਕਿਰਪਾਲ ਸਿੰਘ ਮੱਕੜ ਦੀ ਅਗਵਾਈ ਇਹ ਸਮਾਗਮ ਮਨਾਇਆ ਗਿਆ। ਉਨ੍ਹਾਂ ਦੱਸਿਆ ਕਿ ਰੋਟਰੀ ਕਲੱਬ ਦੀ ਟੀਮ ਨੇ 79ਵਾਂ ਆਜਾਦੀ ਦਾ ਦਿਹਾੜਾ ਤਿਰੰਗੇ ਨੂੰ ਸਲਾਮੀ ਦੇ ਕੇ ਮਨਾਇਆ ਅਤੇ ਰਾਸ਼ਟਰੀ ਗੀਤ ਗਾਇਆ ਅਤੇ ਲੱਡੂ ਵੰਡੇ ਕੇ ਆਜਾਦੀ ਦੀਆਂ ਖੁਸ਼ੀਆਂ ਮਨਾਈਆਂ। ਉਨ੍ਹਾਂ ਕਿਹਾ ਕਿ ਸਾਰੇ ਮੈਂਬਰ ਸਾਹਿਬਾਨ ਨੇ ਇਕ–ਦੂਜੇ ਨੂੰ ਆਜ਼ਾਦੀ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਰੋਟਰੀ ਟੀਮ ਵਿਚ ਸਕੱਤਰ ਸੰਦੀਪ ਸਿੰਗਲਾ, ਰੋਟੇਰੀਅਨ ਸੁਰਿੰਦਰ ਸਿੰਘ ਕਪੂਰ, ਰੋਟੇਰੀਅਨ ਰਕੇਸ਼ ਚਾਵਲਾ, ਕੈਸ਼ੀਅਰ ਰੋਟੇਰੀਅਨ ਦਿਨੇਸ਼ ਕਟਾਰੀਆ, ਰੋਟੇਰੀਅਨ ਅਜੈ ਬਜਾਜ ਹਾਜ਼ਰ ਸਨ।

## ਡਾ: ਨਵਦੀਪ ਐਸਥੈਟਿਕ ਕਲੀਨਿਕ ਵਿਚ ਚਮੜੀ ਅਤੇ ਵਾਲਾਂ ਦਾ ਨਵੀਨਤਮ ਤਕਨੀਕਾਂ ਨਾਲ ਸਫ਼ਲ ਇਲਾਜ



ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :– ਜ਼ੀਰਾ ਵਿਖੇ ਸੁੰਦਰਤਾ ਅਤੇ ਚਮੜੀ ਦੀਆਂ ਸਮੱਸਿਆਵਾਂ ਦੇ ਇਲਾਜ ਲਈ ਇਕ ਨਵੀਂ ਉਮੀਦ, ਡਾ। ਨਵਦੀਪ ਐਸਥੈਟਿਕ ਕਲੀਨਿਕ ਪੁਰਾਣੀ ਤਲਵੰਡੀ ਰੋਡ, ਜੈਨ ਸਕੂਲ ਦੇ ਸਾਹਮਣੇ ਸਥਿਤ ਹੈ। ਇਸ ਕਲੀਨਿਕ ਵਿਚ ਚਮੜੀ ਅਤੇ ਵਾਲਾਂ ਨਾਲ ਸਬੰਧਤ ਵੱਖ ?ਵੱਖ ਸਮੱਸਿਆਵਾਂ ਦਾ ਇਲਾਜ ਆਯਾਤ ਕੀਤੀਆਂ (ਇੰਪੋਰਟਿਡ) ਮਸ਼ੀਨਾਂ ਅਤੇ ਨਵੀਨਤਮ ਤਕਨੀਕਾਂ ਦੀ ਮਦਦ ਨਾਲ ਕੀਤਾ ਜਾਂਦਾ ਹੈ। ਡਾ। ਨਵਦੀਪ ਕੌਰ ਨੇ ਦੱਸਿਆ ਕਿ ਕਲੀਨਿਕ ਵਿਚ ਕਈ ਤਰ੍ਹਾਂ ਦੇ ਇਲਾਜ ਉਪਲਬੱਧ ਹਨ। ਲੇਜ਼ਰ ਤਕਨੀਕ ਦੀ ਵਰਤੋਂ ਨਾਲ ਚਿਹਰੇ ਦੀਆਂ ਛਾਈਆਂ, ਦਾਗ ?ਧੱਬੇ, ਜਮਾਂਦਰੂ ਲਾਲ ਜਾਂ ਕਾਲੇ ਨਿਸ਼ਾਨ, ਅਤੇ ਟੈਟੂ ਹਟਾਉਣ ਦਾ ਕੰਮ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਕਾਰਬਨ ਪੀਲ ਅਤੇ ਸਕਿਨ ਟਾਈਟਨਿੰਗ ਵਰਗੀਆਂ ਸੇਵਾਵਾਂ ਵੀ ਦਿੱਤੀਆਂ ਜਾਂਦੀਆਂ ਹਨ, ਜੋ ਚਮੜੀ ਨੂੰ ਜਵਾਨ ਅਤੇ ਚਮਕਦਾਰ ਬਣਾਉਂਦੀਆਂ ਹਨ। ਵਾਲਾਂ ਅਤੇ ਚਮੜੀ ਦੀਆਂ ਹੋਰ ਸਮੱਸਿਆਵਾਂ ਜਿਵੇਂ ਕਿ ਵਾਲ ਝੜਨਾ ਜਾਂ ਅਣਚਾਹੇ ਵਾਲਾਂ ਨੂੰ ਸਥਾਈ ਤੌਰ 'ਤੇ ਹਟਾਉਣ ਲਈ ਵੀ ਇੱਥੇ ਇਲਾਜ ਉਪਲਬੱਧ ਹੈ। ਡਾ। ਨਵਦੀਪ ਨੇ ਦੱਸਿਆ ਕਿ ਮੁਹਾਸੇ (ਪਿੰਪਲਸ) ਅਤੇ ਉਨ੍ਹਾਂ ਦੇ ਪੁਰਾਣੇ ਦਾਗਾਂ ਦਾ ਵੀ ਪ੍ਰਭਾਵਸ਼ਾਲੀ ਢੰਗ ਨਾਲ ਇਲਾਜ ਕੀਤਾ ਜਾਂਦਾ ਹੈ। ਕਲੀਨਿਕ ਵਿਚ ਚਮੜੀ ਅਤੇ ਵਾਲਾਂ ਲਈ ਪੀਆਰਪੀ (ਪਲੇਟਲੈਟ ?ਰਿਚ ਪਲਾਜ਼ਮਾ), ਮੀਜ਼ੋਥੈਰੇਪੀ, ਮਾਈਕ੍ਰੋਨੀਡਲਿੰਗ, ਅਤੇ ਕੈਮੀਕਲ ਪੀਲਜ਼ ਵਰਗੇ ਇਲਾਜ ਵੀ ਕੀਤੇ ਜਾਂਦੇ ਹਨ, ਜੋ ਸਮੱਸਿਆ ਦੇ ਮੂਲ ਕਾਰਨ 'ਤੇ ਕੰਮ ਕਰਦੇ ਹਨ। ਇਹ ਸਾਰੇ ਇਲਾਜ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ, ਜਿਸ ਨਾਲ ਮਰੀਜ਼ਾਂ ਨੂੰ ਪੱਕੇ ਤੌਰ 'ਤੇ ਰਾਹਤ ਮਿਲਦੀ ਹੈ। ਡਾ। ਨਵਦੀਪ ਕੌਰ ਦਾ ਮੰਨਣਾ ਹੈ ਕਿ ਹਰ ਵਿਅਕਤੀ ਦੀ ਚਮੜੀ ਅਤੇ ਵਾਲਾਂ ਦੀਆਂ ਜ਼ਰੂਰਤਾਂ ਵੱਖਰੀਆਂ ਹੁੰਦੀਆਂ ਹਨ, ਇਸ ਲਈ ਇੱਥੇ ਹਰ ਮਰੀਜ਼ ਨੂੰ ਉਸਦੀ ਜ਼ਰੂਰਤ ਅਨੁਸਾਰ ਵਿਅਕਤੀਗਤ ਇਲਾਜ ਯੋਜਨਾ ਦਿੱਤੀ ਜਾਂਦੀ ਹੈ। ਜ਼ੀਰਾ ਦੇ ਲੋਕ ਹੁਣ ਇਸ ਕਲੀਨਿਕ ਰਾਹੀਂ ਉੱਚ ਪੱਧਰੀ ਸੁੰਦਰਤਾ ਅਤੇ ਚਮੜੀ ਦੀ ਦੇਖਭਾਲ ਦੀਆਂ ਸੇਵਾਵਾਂ ਆਪਣੇ ਸ਼ਹਿਰ ਵਿਚ ਹੀ ਪ੍ਰਾਪਤ ਕਰ ਸਕਦੇ ਹਨ।

# ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਭਾਦੋ ਦੀ ਸੰਗਰਾਂਦ ਦਾ ਦਿਹਾੜਾ ਅਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸਤਿਕਾਰਯੋਗ ਮਾਤਾ ਸੰਤ ਕੌਰ ਅਤੇ ਸਤਿਕਾਰਯੋਗ ਬਾਪੂ ਫੌਜਾ ਸਿੰਘ ਦੀ ਬਰਸੀ ਤੇ ਮਹੰਤ ਬਾਬਾ ਮਲੂਕ ਸਿੰਘ ਜੀ ਦੀ ਬਰਸੀ ਮਨਾਈ











ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਭਾਦੋਂ ਦੀ ਸੰਗਰਾਂਦ ਦਾ ਦਿਹਾੜਾ ਅਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਸਤਿਕਾਰਯੋਗ ਮਾਤਾ ਸੰਤ ਕੌਰ ਦੀ ਬਰਸੀ ਅਤੇ ਉਨ੍ਹਾਂ ਦੇ ਸਤਿਕਾਰਯੋਗ ਬਾਪੂ ਫੌਜਾ ਸਿੰਘ ਜੀ ਦੀ ਬਰਸੀ ਅਤੇ ਇਥੋਂ ਦੇ ਸੇਵਾਦਾਰ ਮਹੰਤ ਮਲੂਕ ਸਿੰਘ ਜੀ ਦੀ ਪਹਿਲੀ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਤੇ ਤਿੰਨ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਮਨਵੀਰ ਸਿੰਘ ਨੇ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਚੰਨ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਅੱਖਾਂ ਦਾ ਕੈਂਪ ਵੀ ਲਾਇਆ ਗਿਆ। ਇਸ ਮੌਕੇ ਭੋਗ ਉਪਰੰਤ ਅਰਦਾਸ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਕੀਤੀ ਅਤੇ ਕਿਹਾ ਕਿ ਅੱਜ ਅਸੀਂ ਇਸ ਅਸਥਾਨ ਤੇ ਬੈਠੇ ਇਹ ਸਭ ਮਾਤਾ ਜੀ ਸਤਿਕਾਰਯੋਗ ਮਾਤਾ ਸੰਤ ਕੌਰ ਜੀ ਦੇ ਸਦਕਾ ਬੈਠੇ ਹਾਂ। ਇਸ ਅਸਥਾਨ ਤੇ ਪਹਿਲਾਂ ਝੋਪੜੀ ਬਨਾਈ ਅਤੇ ਜਪ ਤਪ ਕਰਦੇ ਰਹੇ ਅਤੇ ਇਸ ਅਸਥਾਨ ਨੂੰ ਭਾਗ ਲੱਗੇ, ਇਹ ਮਾਤਾ ਜੀ ਦੀ ਬਦੌਲਤ ਹੈ। ਇਸੇ ਤਰ੍ਹਾਂ ਮਹੰਤ ਮਲੂਕ ਸਿੰਘ ਜੀ ਜੋ 1978 ਤੋਂ ਸਾਡੇ ਕੋਲ ਆ ਕੇ ਸੇਵਾ ਕਰਦੇ ਰਹੇ, ਜਿਨ੍ਹਾਂ ਦੀ ਅੱਜ ਪਹਿਲੀ ਬਰਸੀ ਹੈ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਕਿਹਾ ਕਿ 31 ਅਗਸਤ ਨੂੰ ਧੰਨ—ਧੰਨ ਬਾਬਾ ਨੰਦ ਸਿੰਘ ਜੀ ਮਹਾਰਾਜ ਦੀ ਮਨਾਈ ਜਾਂਦੀ ਹੈ, ਜਿਨ੍ਹਾਂ ਮਹਾਂ ਸੰਪਟਾਂ ਦੇ ਭੋਗ 21 ਸਤੰਬਰ ਨੂੰ ਪਾਏ ਜਾਣਗੇ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ, ਚਾਹ ਪਕੌੜਿਆਂ ਦਾ ਲੰਗਰ, ਮਿਠਾਈਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## 79 ਵੇਂ ਆਜਾਦੀ ਦਿਵਸ ਬਾਬਾ ਬਕਾਲਾ ਸਾਹਿਬ ਵਿਖੇ

# ਬਾਬਾ ਸੁਖਵੰਤ ਸਿੰਘ ਚੰਨਣਕੇ ਨੂੰ ਕੀਤਾ ਸਨਮਾਨਿਤ



ਚੌਕ ਮਹਿਤਾ, 16 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)–ਸਮਾਜ ਸੇਵੀ ਪੱਤਰਕਾਰ ਬਾਬਾ ਸੁਖਵੰਤ ਸਿੰਘ ਚੰਨਣਕੇ ਨੂੰ 79 ਵੇਂ ਆਜਾਦੀ ਦਿਵਸ ਬਾਬਾ ਬਕਾਲਾ ਸਾਹਿਬ ਵਿੱਖੇ ਸਨਮਾਨਿਤ ਕਰਦੇ ਹੋਏ ਐਸ ਡੀ ਐਮ ਸ, ਅਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ, ਡੀ ਐਸ ਪੀ ਧਰਮਿੰਦਰ ਕਲਿਆਣ ਬਾਬਾ ਬਕਾਲਾ ਸਾਹਿਬ, ਐਮ ਐਲ ਏ ਸ, ਦਲਬੀਰ ਸਿੰਘ ਟੌਂਗ, ਤਹਿਸੀਲਦਾਰ ਮੈਡਮ ਰੌਬਿਨਜੀਤ ਕੌਰ ਬਾਬਾ ਬਕਾਲਾ ਸਾਹਿਬ, ਚੇਅਰਮੈਨ ਤਰਸੇਮ ਸਿੰਘ ਸਿਆਲਾਕਾ ਆਦਿ ਮੋਹਤਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚਾ ਨੈਸ਼ਨਲ ਪਰੀਟੀਕਲ ਪਾਰਟੀ ਵਿਚ ਅਜੇਦੀਪ ਸਿੰਘ ਨੂੰ ਪ੍ਰਧਾਨ ਬਲਾਕ ਘੱਲ ਖੁਰਦ ਦਾ ਅਤੇ ਕੁਲਵੰਤ ਸਿੰਘ ਨੂੰ ਵਾਈਸ ਪ੍ਰਧਾਨ, ਜਾਲਾਲਾਬਾਦ ਬਨਾਇਆ ਗਿਆ









ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :— ਅੱਜ ਪਿੰਡ ਕਰਮੂਵਾਲਾ ਵਿਖੇ ਅਜੇਦੀਪ ਸਿੰਘ ਦੇ ਨਿਵਾਸ ਤੇ ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚਾ ਦੀ ਇਕ ਹੰਗਾਮੀ ਮੀਟਿੰਗ ਹੋਈ। ਇਸ ਮੌਕੇ ਤੇ ਅਜੇਦੀਪ ਸਿੰਘ ਕਰਮੂਵਾਲਾ ਨੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਜੀ ਦਾ ਓਟ ਆਸਾਰਾ ਲਿਆ ਅਤੇ ਮਹਾਰਾਜ ਜੀ ਨੂੰ ਘਰੇ ਬੁਲਾ ਕੇ ਸੁਖਮਣੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਭੋਗ ਉਪਰੰਤ ਪਾਠੀ ਸਿੰਘ ਲਖਵਿੰਦਰ ਸਿੰਘ ਨੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ, ਅਰਦਾਸ ਬੇਨਤੀ ਅਜੇਦੀਪ ਸਿੰਘ ਅਤੇ ਕੁਲਵੰਤ ਸਿੰਘ ਨੂੰ ਨਿਯੁਕਤੀ ਪੱਤਰ ਦਿੱਤੇ ਅਤੇ ਅਜੇਦੀਪ ਸਿੰਘ ਨੂੰ ਬਲਾਕ ਘੱਲ ਖੁਰਦ ਦਾ ਪ੍ਰਧਾਨ ਬਨਾਇਆ ਅਤੇ ਕੁਲਵੰਤ ਸਿੰਘ ਨੂੰ ਜਲਾਲਾਬਾਦ ਦਾ ਵਾਈਸ ਪ੍ਰਧਾਨ ਬਨਾਇਆ ਗਿਆ। ਇਹ ਨਿਯੁਕਤੀ ਪੱਤਰ ਅਤੇ ਹਾਰ ਅਤੇ ਸਿਰੋਪਾਓ ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚੇ ਦੇ ਕੌਮੀ ਚੇਅਰਮੈਨ ਦੇ ਅਤੇ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਪ੍ਰਧਾਨ ਚਰਨਜੀਤ ਕੌਰ ਨੇ ਦਿੱਤੇ। ਇਸ ਮੌਕੇ ਤੇ ਕੌਮੀ ਚੇਅਰਮੈਨ ਨੇ ਕਿਹਾ ਕਿ ਆਲ ਇੰਡੀਆ ਕਿਸਾਨ ਮਜ਼ਦੂਰ ਮੋਰਚਾ ਪਾਰਟੀ ਦੱਬੇ ਕੁਚਲੇ ਲੋਕਾਂ ਦੀ ਜਮਾਤ ਹੈ ਅਤੇ ਕਿਸੇ ਵੀ ਮਜ਼ਦੂਰ ਕਿਸਾਨ ਨਾਲ ਕੋਈ ਧੱਕਾ ਹੁੰਦਾ ਹੈ ਸਾਡਾ ਮੋਰਚਾ ਉਨ੍ਹਾਂ ਦੇ ਨਾਲ ਖੜਦਾ ਹੈ। ਇਸ ਮੌਕੇ ਤੇ ਚਰਨਜੀਤ ਕੌਰ ਪ੍ਰਧਾਨ ਮਹਿਲਾ ਵਿੰਗ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਬੋਲਦਿਆਂ ਕਿਹਾ ਕਿ ਇਸ ਵੇਲੇ ਸਭ ਤੋਂ ਵੱਧ ਸਮੱਸਿਆ ਬੀਬੀਆਂ ਦੀ ਹੈ, ਜਿਨ੍ਹਾਂ ਨੂ ਅੱਜ ਦੇ ਨੌਜਵਾਨ ਵਿਆਹ ਕਰਵਾ ਕੇ ਬਾਅਦ ਵਿਚ ਕੁੜੀ ਦੇ ਪੇਕੇ ਘਰ ਭੇਜ਼ ਦਿੰਦੇ ਹਨ ਅਤੇ ਇਹੋ ਜਿਹੀਆਂ ਬੀਬੀਆਂ ਭੈਣਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜਾ ਗਈਆਂ ਅਤੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਦੂਰ ਕਰਾਂਗੇ। ਇਸ ਮੌਕੇ ਤੇ ਮਨੋਹਰ ਲਾਲ ਕੌਮੀ ਚੇਅਰਮੈਨ, ਚਰਨਜੀਤ ਕੌਰ ਪ੍ਰਧਾਨ ਮਹਿਲਾ ਵਿੰਗ ਜ਼ਿਲ੍ਹਾ ਫ਼ਿਰੋਜ਼ਪੁਰ, ਰਣਜੀਤ ਸਿੰਘ, ਕਰਨਵੀਰ ਸਿੰਘ, ਅਨਮੋਲ ਸਿੰਘ, ਡਾ: ਸੇਵਕ ਸਿੰਘ, ਮਨਜੀਤ ਸਿੰਘ ਮੁੱਲਾਂਪੁਰ, ਅਕਾਸ਼ਦੀਪ ਸਿੰਘ, ਅਰਸ਼ਦੀਪ ਸਿੰਘ, ਜਗਮੀਤ ਸਿੰਘ, ਸੰਤੋਖ ਸਿੰਘ, ਕਰਮਜੀਤ ਸਿੰਘ ਜੈਮਲਵਾਲਾ, ਜੰਬਰਜੰਗ, ਰੁਪਿੰਦਰ ਕੌਰ, ਜ਼ਸਵਿੰਦਰ ਕੌਰ, ਜ਼ਸਵੀਰ ਕੌਰ, ਲਖਵਿੰਦਰ ਕੌਰ, ਜ਼ਸਪਾਲ ਸਿੰਘ, ਸਰਬਜੀਤ ਕੌਰ, ਹਰਪ੍ਰੀਤ ਕੌਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਰਕਰ ਹਾਜ਼ਰ ਸਨ। ਇਸ ਮੌਕੇ ਤੇ ਅਜੇਦੀਪ ਸਿੰਘ ਨੇ ਬੋਲਦਿਆਂ ਕਿਹਾ ਕਿ ਜਿਹੜੀਆਂ ਸੇਵਾ ਮੈਨੂੰ ਪਾਰਟੀ ਨੇ ਦਿੱਤੀ ਹੈ ਮੈਂ ਤਨਦੇਹੀ ਨਾਲ ਨਿਭਾਵਾਂਗਾ। ਇਸੇ ਤਰ੍ਹਾਂ ਕੁਲਵੰਤ ਸਿੰਘ ਚੱਕ ਖੇੜੇ ਵਾਲੇ ਨੇ ਬੋਲਦਿਆਂ ਕਿਹਾ ਕਿ ਮੈਨੂੰ ਜ਼ੋ ਪਾਰਟੀ ਹੁਕਮ ਲਾਵੇਗੀ, ਮੈਂ ਹਮੇਸ਼ਾ ਤਿਆਰ ਕਰਾਂਗਾ ਅਤੇ ਪਾਰਟੀ ਪ੍ਰਤੀ ਇਮਾਨਦਾਰੀ ਨਾਲ ਸੇਵਾ ਨਿਭਾਵਾਗਾਂ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਟੀ.ਬੀ.ਐਸ ਸਕੂਲ ਵਿਚ ਮਨਾਇਆ ਜਨਮ ਅਸ਼ਟਮੀ ਦਾ ਦਿਹਾੜਾ



ਫ਼ਿਰੋਜ਼ਪੁਰ, 16 ਅਗਸਤ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ ?ਰੇਖ ਹੇਠ ਚੱਲ ਰਿਹਾ ਹੈ। ਸਕੂਲ ਵਿੱਚ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਰਾਧਾ ਅਤੇ ਕ੍ਰਿਸ਼ਨ ਦੇ ਪਹਿਰਾਵੇ ਪਹਿਨੇ ਅਤੇ ਇੱਕ ਸੁੰਦਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਬੱਚਿਆਂ ਨੇ ਸ਼੍ਰੀ ਕ੍ਰਿਸ਼ਨ ਜੀ ਦੇ ਜੀਵਨ ਅਤੇ ਲੀਲਾਵਾਂ ਨਾਲ ਸਬੰਧਤ ਆਪਣੇ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਵੱਲੋਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਉਸਤਤ ਅਤੇ ਮਹਿਮਾ ਕਰਦੇ ਹੋਏ ਭਜਨ ਗਾਏ ਗਏ । ਇਸ ਮੌਕੇ ਫਾਊਂਡੇਸ਼ਨ ਕਲਾਸਾਂ ਦੇ ਵਿਦਿਆਰਥੀ ਰਾਧਾ ਅਤੇ ਕ੍ਰਿਸ਼ਨ ਦੇ ਪਹਿਰਾਵੇ ਵਿੱਚ ਸਕੂਲ ਆਏ। ਕ੍ਰਿਸ਼ਨ ਜਨਮ ਅਸ਼ਟਮੀ ਦੇ ਅੰਤ ਵਿੱਚ ਦਹੀ ?ਹਾਂਡੀ ਦਾ ਤਿਉਹਾਰ ਮਨਾਇਆ ਗਿਆ। ਬੱਚਿਆਂ ਨੇ ਇਸ ਤਿਉਹਾਰ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਕਿਹਾ ਕਿ ਅਜਿਹੇ ਤਿਉਹਾਰ ਨਾ ਸਿਰਫ਼ ਬੱਚਿਆਂ ਨੂੰ ਨਵੀਂ ਊਰਜਾ ਅਤੇ ਉਤਸ਼ਾਹ ਨਾਲ ਭਰਦੇ ਹਨ, ਸਗੋਂ ਉਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਅਤੇ ਸਭਿਅਤਾ ਨਾਲ ਵੀ ਜੋੜਦੇ ਹਨ ਅਤੇ ਉਨ੍ਹਾਂ ਨੂੰ ਪਰਮਾਤਮਾ ਦੇ ਨੇੜੇ ਵੀ ਲਿਆਉਂਦੇ ਹਨ।

**ਕਨੇਡਾ ਤੋਂ ਬਾਅਦ ਇੰਗਲੈਂਡ ਵਿੱਚ ਵੀ "ਰਿਪਬਲਿਕ ਆਫ ਖਾਲਿਸਤਾਨ" ਦੇ ਬੈਨਰ**

# ਇੰਗਲੈਂਡ ਵਿੱਚ ਗੁਰਦੁਆਰਿਆਂ ਵਿੱਚ ਖਾਲਿਸਤਾਨ ਅੰਬੈਸੀਆਂ ਦੀ ਸ਼ੁਰੂਆਤ











**ਲੰਡਨ, 16 ਅਗਸਤ (ਸਰਬਜੀਤ ਸਿੰਘ ਬਨੂੜ)** — ਕਨੇਡਾ ਤੋਂ ਬਾਅਦ ਹੁਣ ਇੰਗਲੈਂਡ ਵਿੱਚ ਵੀ ਵੱਡੇ ਗੁਰਦੁਆਰਿਆਂ ਦੇ ਬਾਹਰ "ਰਿਪਬਲਿਕ ਆਫ ਖਾਲਿਸਤਾਨ" ਦੇ ਬੈਨਰ ਲੱਗਣੇ ਸ਼ੁਰੂ ਹੋ ਗਏ ਹਨ। ਇਹ ਬੈਨਰ ਖ਼ਾਲਿਸਤਾਨ ਅੰਬੈਸੀਆਂ ਦੇ ਦਫ਼ਤਰਾਂ ਦੇ ਪ੍ਰਤੀਕ ਵਜੋਂ ਵੇਖੇ ਜਾ ਰਹੇ ਹਨ।

ਸਲੋਹ ਦੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਦੇ ਮੁੱਖ ਹਾਲ ਵਿੱਚ ਲੱਗੇ ਖਾਲਿਸਤਾਨ ਬੈਨਰਾਂ 'ਤੇ ਕਾਫ਼ੀ ਸਮੇਂ ਤੱਕ ਇੰਡਿਆ ਟੂਡੇ ਦੀ ਭਾਰਤੀ ਪੱਤਰਕਾਰ ਦੇ ਇਤਰਾਜ਼ ਤੋਂ ਬਾਅਦ ਲੰਮਾ ਸਮਾ ਵਾਦ-ਵਿਵਾਦ ਚੱਲਿਆ, ਪਰ ਕਮੇਟੀ ਦੀ ਸੂਝ ਬੂਝ ਤੇ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਹੁਣ ਚੈਰਿਟੀ ਕਮਿਸ਼ਨਰ ਦਾ ਰਵੱਈਆ ਨਰਮ ਹੋ ਵਿਵਾਦ ਸਮਾਪਤ ਹੋ ਗਿਆ ਤੇ ਗੁਰਦੁਆਰਾ ਸਾਹਿਬ ਵਿੱਚ ਲੱਗੇ ਬੈਨਰ ਅੱਜ ਵੀ ਮੌਜੂਦ ਹਨ।

ਕਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ ਵਿੱਚ ਹਰਦੀਪ ਸਿੰਘ ਨਿੱਝਰ ਦੀ ਸ਼ਹੀਦੀ ਤੋ ਬਾਦ "ਰਿਪਬਲਿਕ ਆਫ ਖਾਲਿਸਤਾਨ" ਦੇ ਬੈਨਰ ਗੁਰਦੁਆਰਾ ਸਾਹਿਬ ਵਿੱਚ ਲਾਏ ਗਏ ਜਿਸ ਤੋਂ ਬਾਦ ਭਾਰਤ ਕਨੇਡਾ ਵਿਚਕਾਰ ਤਣਾਅ ਲਗਾਤਾਰ ਵੱਧ ਰਿਹਾ ਹੈ। ਇਸ ਤੋਂ ਬਾਅਦ ਬੀਤੇ ਦਿਨੀਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਗੁਰੂ ਨਾਨਕ ਸਿੱਖ ਗੁਰਦੁਆਰਾ ਸਮੈਦਿਕ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰਮਿੰਘਮ ਸਮੇਤ ਹੋਰ ਵੱਡੇ ਗੁਰਦੁਆਰਿਆਂ ਬਾਹਰ ਵੀ ਇਹ ਬੈਨਰਾਂ ਦੀਆ ਤਸਵੀਰਾਂ ਲਗਾਤਾਰ ਚਰਚਾ ਵਿੱਚ ਹਨ। ਇਨ੍ਹਾਂ ਬੈਨਰਾਂ ਨੂੰ ਲੈ ਕੇ ਕੋਈ ਵੀ ਪਰਬੰਧਕ ਕਮੇਟੀ ਦਾ ਪ੍ਰਤੀਕਰਮ ਸਾਹਮਣੇ ਨਹੀਂ ਆਇਆ। ਇਹ ਪ੍ਰਤੀਕਾਤਮਕ ਕਦਮ ਦਰਸਾਉਂਦਾ ਹੈ ਕਿ ਸਿੱਖ ਕੌਮ ਦਾ ਅਜ਼ਾਦ ਖ਼ਾਲਿਸਤਾਨ ਦਾ ਖ਼ਵਾਬ ਹੁਣ ਦੁਨੀਆ ਭਰ ਦੇ ਗੁਰਦੁਆਰਿਆਂ ਤੋਂ ਸ਼ੁਰੂ ਹੋ ਕੇ ਮੁੜ ਗੂੰਜ ਰਿਹਾ ਹੈ। ਜਿਕਰਯੋਗ ਹੈ ਕਿ ਸਿੱਖ ਧਰਮ ਵਿੱਚ ਧਰਮ ਅਤੇ ਰਾਜਨੀਤੀ ਇਕ-ਦੂਜੇ ਤੋਂ ਵੱਖਰੇ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਸਥਾਪਿਤ ਕਰਕੇ ਸਿੱਖੀ ਨੂੰ ਰੂਹਾਨੀ ਅਤੇ ਰਾਜਨੀਤਿਕ ਦੋਹੀਂ ਪੱਖਾਂ ਦਾ ਮਾਰਗ ਬਣਾਇਆ। ਇਸੇ ਕਰਕੇ ਗੁਰਦੁਆਰੇ ਸਿਰਫ਼ ਅਰਦਾਸ ਦੇ ਸਥਾਨ ਨਹੀਂ ਸਗੋਂ ਕੌਮੀ ਫ਼ੈਸਲਿਆਂ ਅਤੇ ਸੁਨੇਹਿਆਂ ਦੇ ਕੇਂਦਰ ਵੀ ਹਨ। ਗੁਰਦੁਆਰਿਆਂ ਬਾਹਰ ਲੱਗਣ ਵਾਲੇ ਖ਼ਾਲਿਸਤਾਨੀ ਬੈਨਰ ਕੇਵਲ ਰਾਜਨੀਤਿਕ ਨਹੀਂ, ਸਗੋਂ ਧਾਰਮਿਕ-ਰਾਜਨੀਤਿਕ ਇਕੱਠ ਦਾ ਪ੍ਰਤੀਕ ਹਨ। ਇੰਗਲੈਂਡ ਵਿੱਚ ਵੀ "ਰਿਪਬਲਿਕ ਆਫ ਖਾਲਿਸਤਾਨ" ਦੇ ਬੈਨਰ ਨਾਲ ਭਾਰਤ ਉੱਪਰ ਰਾਜਨੀਤਿਕ ਤੇ ਕੂਟਨੀਤਿਕ ਅਸਰ ਪੈ ਸਕਦਾ ਹੈ। ਵਿਦੇਸ਼ਾਂ ਵਿੱਚ ਖ਼ਾਲਿਸਤਾਨ ਰੈਫਰੈਂਡਮ ਮੁਹਿੰਮ ਨਾਲ ਭਾਰਤ ਲਈ ਚੁਣੌਤੀਆਂ ਹੋਰ ਵਧ ਗਈਆਂ ਹਨ ਜੇ ਇਹ ਰੁਝਾਨ ਹੋਰ ਦੇਸ਼ਾਂ ਵਿੱਚ ਵੀ ਫੈਲਦਾ ਹੈ ਤਾਂ ਇਹ ਖ਼ਾਲਿਸਤਾਨੀ ਅੰਦੋਲਨ ਨੂੰ ਅੰਤਰਰਾਸ਼ਟਰੀ ਮਾਨਤਾ ਵੱਲ ਪ੍ਰਤੀਕਾਤਮਕ ਕਦਮ ਵਜੋਂ ਮੰਨਿਆ ਜਾ ਸਕਦਾ ਹੈ। ਅਜੇ ਤੱਕ ਨਾ ਹੀ ਭਾਰਤ ਸਰਕਾਰ ਅਤੇ ਨਾ ਹੀ ਯੂਕੇ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਕੋਈ ਅਧਿਕਾਰਤ ਬਿਆਨ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਦੇ ਸੱਦੇ ਤੇ ਅਮਰੀਕਾ ਦੇ ਵਸ਼ਿੰਗਟਨ ਡੀ ਸੀ ਜੋ ਦੁਨੀਆ ਦੀ ਰਾਜਨੀਤਕ ਗਤੀਵਿਧੀਆਂ ਦੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ, ਵਿਖੇ 17 ਅਗਸਤ ਨੂੰ ਖਾਲਿਸਤਾਨ ਰੈਫਰੈਡਮ ਦੀਆਂ ਵੋਟਾਂ ਹਨ ਤੇ ਅਮਰੀਕਾ ਦੇ ਸਿੱਖਾਂ ਵੱਲੋਂ ਰੈਫਰੈਡਮ ਵੋਟਾ ਲਈ ਭਾਰੀ ਉਤਸ਼ਾਹ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

## ਵਸ਼ਿੰਗਟਨ ਡੀਸੀ ਵਿੱਚ ਖਾਲਿਸਤਾਨ ਰੈਫਰੈਡਮ ਦੀਆਂ ਵੋਟਾਂ ਲਈ ਸਿੱਖਾਂ ਵਿੱਚ ਭਾਰੀ ਉਤਸ਼ਾਹ

# ਦੇਸੀ ਲੋਕ - ਖੁਰਾਸਾਨੀ ਦੁਲੱਤੇ—ਚਾਅ ਲਾਰਡ ਬਣਨ ਦਾ ਕਾਬਲੀਅਤ ਨਾਖਸਮੀ

ਪਿੱਛੇ ਜਿਹੇ ਲੇਬਰ ਪਾਰਟੀ ਦੇ ਆਗੂ ਅਤੇ ਪਰਾਈਮ ਮਨਿਸਟਰ ਤੇ ਇਸ ਗੱਲ ਦੀ ਚੋਟ ਕਹਿ ਕੇ ਵਾਰਨਿੰਗ ਦਿੱਤੀ ਗਈ ਕਿ ਜੇ ਇਨਕੁਆਰੀ , ਜਾਂਚ ਜਨਤਕ ਨਾ ਕੀਤੀ ਤਦ ਮੋਰਚਾ ਖੋਲਾਂਗੇ ਪੰਥ ਦੀਆਂ ਨੌਂ ਧਿਰਾਂ ਲੇਬਰ ਵਿਰੋਧੀ ਜਹਾਦ ਕਰਨਗੀਆਂ ।ਜਾਂਚ ਦਾ ਤਾਂ ਬਹਾਨਾ ਸੀ , ਅੰਦਰੋਂ ਗੱਲ ਗੁੱਸੇ ਵਾਲੀ ਇਹ ਸੀ ਕਿ ਨੌਕਰੀ ਕਰਦੇ ਕਲਰਕ ਨੂੰ ਲਾਰਡ ਕਿਉਂ ਨਹੀਂ ਬਣਾਇਆ ਗਿਆ ।ਇਸ ਗੱਲ ਦਾ ਗਿਲਾ ਮੈਨੂੰ ਵੀ ਹੈ ਕਿ , ਜਦ ਆਮ ਜਿਹੇ ਤੌਰ ਤੇ ਸਿੱਖ ਸੰਸਥਾਵਾਂ ਤੋਂ ਪਾਰਟੀ ਨੂੰ ਚਿੱਠੀਆਂ ਲਿਖਵਾਈਆਂ ਗਈਆਂ ਕਿ ਸਾਡਾ ਬੰਦਾ ਲਾਰਡ ਬਣਾਇਆ ਜਾਵੇ ।ਪਰ ਚਿੱਠੀਆਂ ਦਾ ਵੀ ਕੋਈ ਅਸਰ ਨਹੀਂ ਹੋਇਆ ।ਲੈਬਰ ਸਾਡੇ ਨਾਲ ਧੋਖਾ ਕਰ ਰਹੀ ਹੈ ।ਬੰਦਾ ਸਾਲਾਂ ਤੋਂ ਇਸ ਆਸ ਵਿੱਚ ਬੈਠਾ ਰਹੇ , ਦਿਲ ਤਾਂ ਟੁੱਟਦਾ ਹੈ , ਮੈਂ ਵੀ ਇੰਝ ਹੀ ਸੋਚਦਾ ਹਾਂ ਕਿ ਧੱਕਾ ਕੀਤਾ ਗਿਆ ਹੈ ।ਪਰ ਲਾਰਡ ਬਣਨ ਦੇ ਕੰਮ ਤਰੀਕੇ ਤੇ ਕਾਇਦੇ ਹਨ ।ਆਪਣੀ ਨਾ ਪਸੰਦ ਦੇ ਵਿਅਕਤੀ ਕਿਸੇ ਨੂੰ ਮੋਦੀ ਦਾ ਚਮਚਾ ਜਾਂ ਕਮਿਊਨਿਟੀ ਵਿੱਚ ਫੁੱਟ ਪਾ ਕੇ ਕੰਮ ਕਰਨ ਦਾ ਢੰਗ ਅਪਣਾਈ ਰੱਖੇ ।ਭਾਰਤ ਸਰਕਾਰ ਦਾ ਦਿਖਾਵੇ ਦਾ ਵਿਰੋਧ ਰੱਖੇ ਤੇ ਬਿਰਿਟਿਸ਼ ਸਿਸਟਮ ਦਾ ਪਖਪਾਤੀ ਹੋ ਰਹੇ , ਤਦ ਉਹ ਕਿਸੇ ਕਾਬਲ ਨਹੀਂ ਹੋ ਜਾਂਦਾ ।ਸਾਡੀਆਂ ਸਿੱਖ ਜਥੇਬੰਦੀਆਂ ਦੀ ਇੱਕ ਪੱਖੀ ਵਿਚਾਰਧਾਰਾ ਹੋਣ ਕਰਕੇ , ਬਹੁਤੇ ਲੋਕ ਬੇਅਕਲੀ ਤੌਰ ਤੇ ਬਾਹਰੀ ਸਮਾਜ ਨਾਲ ਨਫ਼ਰਤ ਰੱਖਦੇ ਹਨ ।ਇਹੀ ਕਾਰਨ ਹੈ ਕਿ ਕਿਸੇ ਵੀ ਸਾਂਝੀ ਨੁਮਾਇੰਦਗੀ ਦੇ ਕਾਬਲ ਨਹੀਂ ਬਣਦੇ ।ਬਾਹ੍ਰੀ ਸਮਾਜ ਵਿਰੁੱਧ ਉਹ ਕੋਈ ਨਾ ਕੋਈ ਬੇਲੋੜੀ ਜ਼ਿਹਰ ਘੋਲਦੇ ਰਹਿੰਦੇ ਹਨ , ਨਿੱਤ ਦਿਨ ਆਪਣੀ ਅਗਿਆਨਤਾ ਦਾ ਸਬੂਤ ਆਮ ਹੀ ਦਿੰਦੇ ਰਹਿੰਦੇ ਹਨ ।ਅਜਿਹੇ ਹਾਲਾਤ ਵਿੱਚ ਇਕ ਕਲਰਕ ਤੋਂ ਲਾਰਡ ਤੱਕ ਦਾ ਸੁਪਨਾ ਇਕ ਬੇਮਾਅਨਾ ਹੋ ਜਾਂਦਾ ਹੈ ।ਹੁਣ ਸਿੱਖ ਆਗੂ ਅਮਰੀਕ ਸਿੰਘ ਗਿੱਲ ਸਾਹਿਬ ਨਾਲ ਮੇਰੀ ਹਮਦਰਦੀ ਹੈ , ਜੇ ਲੇਬਰ ਪਾਰਟੀ ਵਿਰੁੱਧ ਜਹਾਦ ਛੇੜਦੇ ਹਨ ਅਸੀਂ ਇਸ ਕਰਕੇ ਇਹਨਾਂ ਤੇ ਨੁਕਤਾਚੀਨੀ ਕਰਕੇ , ਇਤਰਾਜ਼ ਜਿਤਾਉਂਦੇ ਹਾਂ ਕਿ ਇਹ ਇੱਕ ਸਿੱਖ ਸੰਸਥਾ ਦਾ ਇੱਕ ਸੀਮਤ ਦਾਇਰੇ ਵਿੱਚ ਕੰਮ ਕਰਦੇ ਹਨ ।ਆਮ ਸਮਾਜ ਵਿੱਚ ਭਲਾਈ ਦੇ ਤੌਰ ਤੇ ਉਹਨਾਂ ਦਾ ਕੋਈ ਖਾਸ ਰੋਲ ਨਹੀਂ ਹੈ ।ਲਾਰਡ , ਐਮ ਪੀ , ਬਰਿਟਿਸ਼ ਸਿਸਟਮ ਵਿੱਚ ਬਹੁ ਪੱਖੀ ਸਮਾਜ ਵਿੱਚ ਸਾਂਝੇ ਤੌਰ ਤੇ ਕੰਮ ਕਰਨ ਵਾਲੇ ਹੀ ਬਣ ਸਕਦੇ ਹਨ ।ਉਰ ਵੀ ਜੋ ਸਮਾਜ ਦੀ ਸੇਵਾ ਵਿੱਚ ਮੰਨੇ ਪਰਮੰਨੇ ਹੁੰਦੇ ਹਨ ।ਸਾਡੇ ਬਣੇ ਐਮ ਪੀਆਂ ਵਿੱਚੋਂ ਵੀ ਬਹੁਤੇ , ਸਾਰੇ ਸਾਂਝੇ ਸਮਾਜ ਦੀ ਮੁਕੰਮਲ ਨੁਮਾਇੰਦਗੀ ਵਿੱਚ ਅਧੂਰੇ ਹਨ ।ਉਹ ਕਿਸੇ ਨਾ ਕਿਸੇ ਅਧੋਗਤੀ ਕਾਰਨ ਪਿਛੋਕੜ ਨਾਲ ਬੱਝੇ ਨਜ਼ਰ ਆਉਂਦੇ ਹਨ ।ਇਹੀ ਕਾਰਨ ਹੈ ਅਧੂਰੇ ਸੇਵਕ ਹੋਣ ਕਰਕੇ ਉਹ ਆਮ ਹੀ ਮਨਿਸਟਰੀਅਲ ਲੈਵਲ ਤੋਂ ਵਾਂਝੇ ਰਹਿੰਦੇ ਹਨ ।ਕਿਤਨੀ ਅਨਪੜਤਾ ਤੇ ਅਗਿਆਨਤਾ ਹੈ ਕਿ ਜਿਸ ਪ੍ਰਧਾਨ ਮੰਤਰੀ ਨੂੰ ਗਿੱਲ ਸਾਹਿਬ ਚੈਲੰਜ ਕਰ ਰਹੇ ਹਨ , ਉਸੇ ਨਾਲ ਤਸਵੀਰ (ਫੋਟੋ) ਦਿਖਾ ਕੇ ਆਪਣੀ ਸਟੇਟਮੈਂਟ ਨੂੰ ਪ੍ਰਚਾਰਨ ਦਾ ਸਾਧਨ ਬਣਾ ਰਹੇ ਹਨ ।ਹੁਣ ਪਿਛਲੇ ਲੇਖ ਵਿੱਚ ਗੱਲ ਤਾਂ ਇਹ ਸੀ ਕਿ " ਖਾਲਿਸਤਾਨ" ਧਾਰਮਿਕ ਸ਼ਬਦ ਨਹੀ ਹੈ । ਸਿਆਸਤ , ਆਜ਼ਾਦੀ ਦੇ ਦਾਇਰੇ , ਖ਼ਿੱਤੇ ਆਧਾਰਤ, ਉਸਾਰੇ ਜਾਣ ਵਾਲੇ ਦੇਸ਼ ਦਾ ਨਾਮ ਹੈ । ਇਹ ਵੀ ਸਪੱਸ਼ਟ ਹੈ ਕਿ ਸਿੱਖ ਧਰਮ ਕਰਕੇ "ਖਾਲਿਸਤਾਨ " ਪਰਚਲਤ ਹੈ , ਪਰੰਤੂ ਖਾਲਿਸਤਾਨ ਦੇ ਕਾਰਨ ਸਿੱਖ ਧਰਮ ਨਹੀਂ ਚੱਲਦਾ ।ਇਸ ਵਿੱਚ ਤੁਸੀਂ ਮੋਦੀ ਦਾ ਜਾਪ ਕਿਉਂ ਕਰਨ ਲੱਗੇ ? ਮੋਦੀ ਵਿੱਚ ਕਿੱਥੋਂ ਆ ਗਿਆ ? ਜਾਂ ਮੋਦੀ ਦੇ ਚਮਚੇ ਦੱਸਣ ਦੀ ਤੰਗਦਿਲੀ ਕਿਵੇਂ ਉਪਜ ਆਈ ? ਤੁਸੀਂ ਇਸ ਦਾ ਉੱਤਰ ਹਾਂ ਜਾਂ ਨਾਂਹ ਵਿੱਚ ਦੇ ਸਕਦੇ ਸੀ ? ਜੇ ਤੁਸੀਂ ਕਿਸੇ ਪਿਛੋਕੜ ਦੀ ਹੀ ਗੱਲ ਛੇੜਨ ਦੇ ਵਹਿਮ ਵਿੱਚ ਹੋ , ਤਦ ਮੈਂ ਵੀ 1984 ਤੋਂ ਪਹਿਲਾਂ ਦੇ ਖਾਤੇ ਲਿਖਣਾ ਸ਼ੁਰੂ ਕਰ ਦਿੰਦਾ ਹਾਂ ਤੁਹਾਨੂੰ ਵੀ ਪੂਰੀ ਖੁੱਲ ਹੈ, ਫੈਸਲਾ ਪੰਥ ਕਰ ਲਵੇਗਾ । ਸਿੱਖਾਂ ਤੋਂ ਇਲਾਵਾ ਯੂ ਕੇ ਵਿਚ ਕੋਈ ਹੋਰ ਵੀ ਪੰਜਾਹ ਦੇ ਕਰੀਬ ਕਮਿਊਨਿਟੀਆਂ ਰਹਿੰਦੀਆਂ ਹਨ ।ਉਹਨਾਂ ਨਾਲ ਘੱਟੋ ਘੱਟ ਸੀਮਤ ਨਾਤਾ ਵੀ ਰੱਖਣਾ ਪੈਂਦਾ ਹੈ , ਜੇ ਕਿਸੇ ਲਾਰਡ ਜਾਂ ਪਦਵੀ ਤੇ ਜਾਣਾ ਹੁੰਦਾ ।ਪਰ ਜੋ ਲੋਕ ਆਪਣੀ ਸਿੱਖ ਕਮਿਉਨਿਟੀ ਵਿੱਚ ਹੀ ਪਾੜੇ ਤੇ ਨਫ਼ਰਤ ਦਾ ਕਾਰਨ ਬਣਦੇ ਹਨ ।ਉਹ ਸਮਾਜ ਸੇਵੀ ਜਾਂ ਲਾਰਡ ਨਹੀਂ ਬਣਦੇ ।ਐਵੇ ਹਵਾ ਵਿਚ ਟੱਟੂ ਦੜਾਉਣ ਦਾ ਕੀ ਫ਼ਾਇਦਾ ? ਇਸ ਨਾਲ ਕਹਾਵਤ ਹੀ ਸਿੱਧ ਹੋਵੇਗੀ " ਦੇਸੀ ਲੋਕ - ਖੁਰਾਸਾਨੀ ਦੁਲੱਤੇ "



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ ਦਾ ਪਰਿਵਾਰ ਦਿਨੋਂ-ਦਿਨ ਵਿਸ਼ਾਲ ਹੋ ਰਿਹਾ ਹੈ

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਸੁਹਿਰਦ ਸੋਚ ਦੀਆਂ ਸ਼ਖਸਿਅਤਾਂ ਜੁੜ ਰਹੀਆਂ ਹਨ



**ਅੰਮ੍ਰਿਤਸਰ-ਸ਼੍ਰੋਮਣੀ** ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਸ. ਇਮਾਨ ਸਿੰਘ ਮਾਨ ਜੀ ਨੇ ਅੰਮ੍ਰਿਤਸਰ ਵਿਖੇ ਅਹੁੱਦੇਦਾਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਆਗੂਆਂ ਨੂੰ ਉਂਨਾਂ ਦੀਆਂ ਜਿੰਮੇਵਾਰੀਆਂ ਦਿੱਤੀਆਂ। ਸ. ਦਵਿੰਦਰ ਸਿੰਘ ਬੱਲ ਜੀ ਨੂੰ ਜਨਰਲ ਸਕੱਤਰ ਦਿਹਾਤੀ ਜ਼ਿਲਾ ਅੰਮ੍ਰਿਤਸਰ, ਸ. ਲਛਮਣ ਸਿੰਘ ਜੀ ਨੂੰ ਸ਼ਹਿਰੀ ਮੀਤ ਪ੍ਰਧਾਨ 7 ਸ.ਅਮਨਬੀਰ ਸਿੰਘ ਜੀ ਨੂੰ ਦਿਹਾਤੀ ਮੀਤ ਪ੍ਰਧਾਨ ਯੂਥ ਵਿੰਗ ਜ਼ਿਲਾ ਅੰਮ੍ਰਿਤਸਰ, ਸ.ਮਲਕੀਤ ਸਿੰਘ ਜੀ ਨੂੰ ਹਲਕਾ ਪ੍ਰਧਾਨ ਮੱਤੇ ਨੰਗਲ ਯੂਥ ਵਿੰਗ ਨਿਯੁਕਤ ਕੀਤਾ ਗਿਆ। ਇਸ ਸਮੇਂ ਸ. ਇਮਾਨ ਸਿੰਘ ਮਾਨ ਜੀ ਕਾਰਜਕਾਰਨੀ ਪ੍ਰਧਾਨ, ਸ. ਉਪਕਾਰ ਸਿੰਘ ਸੰਧੂ ਜੀ ਜਨਰਲ ਸਕੱਤਰ ਪੰਜਾਬ, ਸ. ਅਮਰੀਕ ਸਿੰਘ ਨੰਗਲ ਜੀ ਜਥੇਬੰਦਕ ਸਕੱਤਰ ਮਾਝਾ ਜੋਨ, ਸ. ਹਰਮਨਦੀਪ ਸਿੰਘ ਜੀ ਸ਼ਹਿਰੀ ਪ੍ਰਧਾਨ ਜ਼ਿਲਾ ਅੰਮ੍ਰਿਤਸਰ, ਬੀਬੀ ਰਸ਼ਿਪੰਦਰ ਕੌਰ ਗਿੱਲ ਜੀ ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ, ਬੀਬੀ ਸੁਖਮਨਦੀਪ ਕੌਰ ਜੀ ਸ਼ਹਿਰੀ ਮੀਤ ਪ੍ਰਧਾਨ ਜ਼ਿਲਾ ਅੰਮ੍ਰਿਤਸਰ ਇਸਤਰੀ ਵਿੰਗ, ਮਨਜਾਪ ਕੌਰ ਗਿੱਲ ਜੀ ਪ੍ਰਧਾਨ ਚਿਲਡਰਨ ਵਿੰਗ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਾਹਿਤ ਤੇ ਚਿੱਤਰਕਾਰੀ ਦੇ ਖੇਤਰ ਦਾ ਉੱਘਾ ਹਸਤਾਖ਼ਰ

# ‘‘ਅਮਰਜੀਤ ਸਿੰਘ ਪੇਂਟਰ’’








**‘‘ਰੰਗ, ਰੰਗਾਂ ਸੰਗ ਰਲ ਕੇ ਹੀ , ਨਵਾਂ ਹੈ ਰੰਗ ਬਣਦਾ,**
**ਪਿਆਰ ਦੇ ਇਕ ਆਸਰੇ ਉੱਤੇ ,ਹੈ ਸਾਰਾ ਜੱਗ ਵਸਦਾ’’**

ਕੁਦਰਤ ਨੇ ਕੁੱਲ ਮਖਲੂਕ ਵਿੱਚ ਪਿਆਰ-ਮੁਹੱਬਤ, ਰੰਗ-ਖੁਸ਼ਬੂ,ਸੁਹਜ-ਸੁਆਦ,ਰਹਿਮੋ-ਕਰਮ ,ਡਰ -ਭੈਅ ਅਤੇ ਸੂਝਬੂਝ ਆਦਿ ਦਾ ਪਸਾਰ ਏਨੇ ਸੰਤੁਲਨ ਨਾਲ ਕੀਤਾ ਹੋਇਆ ਹੈ ਕਿ ਆਦਿ ਯੁੱਗ ਤੋਂ ਵੱਖੋ-ਵੱਖ ਪ੍ਰਸਥਿਤੀਆਂ ਵਿਚ ਵੀ ਜੀਵਨ ਨਿਰੰਤਰ ਅਗੇਰੇ ਵਧਦਾ ਤੇ ਮਟਕਦਾ ਨਜ਼ਰ ਆਉਂਦਾ ਹੈ। ਕਹਿੰਦੇ ਨੇ ਕਿ ਮਨੁੱਖ ਕੁੱਲ ਮਖਲੂਕ ਦਾ ਸਰਦਾਰ ਹੈ ।ਮਨੁੱਖ ਆਪਣੀ ਸੂਝ ਦਾ ਸੁਚੱਜਾ ਇਸਤੇਮਾਲ ਕਰਕੇ ਇਸ ਧਰਤੀ ਨੂੰ ਹੋਰ ਵੀ ਸੋਹਣਾ ਬਣਾ ਸਕਦਾ ਹੈ।ਚੰਨ ਤੇ ਸੂਰਜ ਦੀ ਰੋਸ਼ਨੀ ਵਾਂਗ ਕੁਦਰਤ ਨੇ ਦੈਵੀ ਅਤੇ ਕਲਾਤਮਕ ਗੁਣਾਂ ਦਾ ਬੀਜ ਹਰੇਕ ਨਵੇਂ ਪੈਦਾ ਹੋਣ ਵਾਲੇ ਬਾਲ-ਬਾਲੜੀ ’ਚ ਪਹਿਲਾਂ ਹੀ ਧਰਿਆ ਹੁੰਦਾ ਹੈ ਸਿਵਾਏ ਕੁਝ ਜਮਾਂਦਰੂ ਵਿਗਾੜਾਂ ਦੇ। ਸਮਾਂ ਅਤੇ ਸਹੀ ਪ੍ਰਸਥਿਤੀਆਂ ਮਿਲਣ ਤੇ ਇਸ ਕੁਦਰਤੀ ਗੁਣਾਂ ਦੇ ਬੀਜ ਦਾ ਫੁਟਾਰਾ ਅਤੇ ਫਲਦਾਰ-ਬੂਟੇ ਦੇ ਰੂਪ ਵਿਚ ਮੌਲਣਾ ਸੰਭਵ ਹੁੰਦਾ ਹੈ। ਪਰ ਇਹ ਸਮਾਜਿਕ ਢਾਂਚਾ ਜੋ ਅਸੀਂ ਆਪ ਬਣਾਇਆ ਹੈ ਇੱਥੇ ਜਾਂ ਤਾਂ ਸਭ ਨੂੰ ਬਰਾਬਰ ਮੌਕਾ ਨਹੀਂ ਮਿਲਦਾ ਜਾਂ ਪ੍ਰਸਥਿਤੀ ਤੇ ਸਾਧਨਾ ਦੇ ਫਰਕ ਕਾਰਨ, ਅਸੀਂ ਸਾਰੇ ਇਕੋ ਜਿੰਨੇ ਸਫਲ ਨਹੀਂ ਹੋ ਸਕਦੇ। ਬਹੁਤੇ ਗੁਣੀ ਲੋਕ ਮੌਕਾ ਨਾ ਮਿਲਣ ਤੇ ਸਮਾਜਿਕ ਹਾਸ਼ੀਏ ’ਤੇ ਵੀ ਚਲੇ ਜਾਂਦੇ ਨੇ ਕਈ ਵਾਰ ਮੌਕਾ ਬਣ ਵੀ ਜਾਵੇ ਤਾਂ ਸਾਧਨਾ ਦੀ ਘਾਟ ਕਾਰਨ ਮੰਜ਼ਿਲ ਪਹੁੰਚੋਂ ਪਰੇ ਹੋ ਜਾਂਦੀ ਹੈ।ਕਾਮਯਾਬ ਉਹੀ ਹੁੰਦੇ ਨੇ ਜਿਹਨਾਂ ਨੇ ਮੌਕੇ ਦੇ ਨਾਲ-ਨਾਲ ਨੀਝ ਲਾ ਕੇ ਮਿਹਨਤ ਵੀ ਕੀਤੀ ਹੁੰਦੀ ਹੈ। ਏਥੇ ਲਹਿੰਦੇ ਪੰਜਾਬ ਦੇ ਸ਼ਾਇਰ ਬਾਬਾ ਨਜ਼ਮੀ ਦਾ ਸ਼ਿਅਰ ਐਨ ਢੁਕਵਾਂ ਹੈ :

ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ ।
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ ।

ਜਦੋਂ ਅਸੀਂ ਗੱਲ ਕਰਦੇ ਹਾਂ ਜ਼ਮੀਨ ਨਾਲ ਜੁੜੇ ਹੋਏ ਅਜਿਹੇ ਹਿੰਮਤੀ ਤੇ ਸਫਲ ਜੁਝਾਰੂ ਕਿਰਦਾਰਾਂ ਦੀ ਜਿਹਨਾਂ ਨੇ ਸਮਾਜ ਵਿੱਚ ਖੁਦ ਤਾਂ ਨਾਮਣਾ ਖੱਟਿਆ ਹੀ ਏ ,ਆਉਣ ਵਾਲੀ ਪੀੜ੍ਹੀ ਲਈ ਵੀ ਚਾਣਨ-ਮੁਨਾਰੇ ਬਣੇ ਹੋਏ ਹਨ। ਜਿਹਨਾਂ ਨੇ ਇਸ ਸਮਾਜ ਨੂੰ ਆਪਣੀਆਂ ਕਲਾ-ਕਿਰਤਾਂ ਨਾਲ ਹੋਰ ਵੀ ਖੂਬਸੂਰਤ ਬਣਾਉਣ ’ਚ ਅਹਿਮ ਯੋਗਦਾਨ ਪਾਇਆ ਹੈ,ਬੜੀ ਖੁਸ਼ੀ ਤੇ ਮਾਣ ਹੁੰਦਾ ਹੈ, ਉਹਨਾਂ ਦੀ ਚਰਚਾ ਕਰਦਿਆਂ, ਅਜੇਹੇ ਮਹਾਨ ਇਨਸਾਨਾਂ ਦੀ ਕਤਾਰ ਵਿੱਚ ਸ਼ਾਮਲ ਹੈ ,ਸਾਹਿਤ ਤੇ ਕਲਾ ਦਾ ਸੁਮੇਲ ,ਸਭ ਨੂੰ ਆਪਣਾ-ਆਪਣਾ ਜਾਪਦਾ ,ਬਠਿੰਡੇ ਦਾ ਨਾਮਵਰ ਚਿੱਤਰਕਾਰ “ਅਮਰਜੀਤ ਸਿੰਘ ਪੇਂਟਰ “

ਅਮਰਜੀਤ ਦੇ ਮੁੱਢਲੇ ਜੀਵਨ ਦੀ ਗੱਲ ਕਰੀਏ ਤਾਂ ਉਸਦਾ ਜਨਮ ਇਕ ਕਿਰਤੀ ਪਰਿਵਾਰ ਵਿਚ ਸ੍ਰ ਗੁਰਦਿਆਲ ਸਿੰਘ ਦੇ ਘਰ ਮਾਤਾ ਰਾਜਿੰਦਰ ਕੌਰ ਦੀ ਕੁੱਖੋਂ 30 ਨਵੰਬਰ 1955 ਨੂੰ (ਨਾਨਕੇ ਘਰ) ਮਾਨਸਾ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਪੇਸ਼ੇ ਵਜੋਂ ਟੇਲਰ ਸਨ ,ਉਹ ਆਪਣੇ ਕੰਮ ਦੇ ਨਾਲ-ਨਾਲ ਇਕ ਡੂੰਘੇ ਸਾਹਿਤ ਰਸੀਏ ਵੀ ਸਨ।ਘਰ ਵਿੱਚ ਸਾਹਿਤਕ ਰਸਾਲਿਆਂ ਤੇ ਕਿਤਾਬਾਂ ਦੀ ਆਮਦ ਹੁੰਦੀ ਰਹਿੰਦੀ ਸੀ ,ਬੱਚੇ ਲਈ ਸਭ ਤੋਂ ਵੱਡੇ ਤੇ ਪਹਿਲੇ ਮਾਰਗ ਦਰਸ਼ਕ ਉਸਦੇ ਮਾਪੇ ਹੀ ਹੁੰਦੇ ਹਨ ,ਮੇਰੀ ਜਾਚੇ ਅਮਰਜੀਤ ਨੂੰ ਸਾਹਿਤ ਦੀ ਪਹਿਲੀ ਚੇਟਕ ਉਹਨਾਂ ਦੇ ਪਿਤਾ ਜੀ ਤੋਂ ਹੀ ਲੱਗੀ ।ਉਹਨਾਂ ਦੇ ਮਾਤਾ ਜੀ ਇਕ ਘਰੇਲੂ ਸੁਆਣੀ ਸਨ ਉਹ ਘਰੇਲੂ ਕੰਮ ਦੇ ਨਾਲ ਨਾਲ ਦਰੀਆਂ ਤੇ ਖੇਸ ਵੀ ਬੁਣਿਆ ਕਰਦੇ ਸਨ। ਮਾਤਾ ਜੀ ਨੂੰ ਦਰੀਆਂ ਤੇ ਡਿਜ਼ਾਇਨ ਪਾਉਣ ਲਈ, ਸੂਤ ਨੂੰ ਵੱਖੋ-ਵੱਖ ਰੰਗਾਂ ਚ ਰੰਗਦਿਆਂ ਵੇਖ ਅਮਰਜੀਤ ਨੂੰ ਰੰਗਾਂ ਨਾਲ ਵੀ ਲਗਾਅ ਹੋ ਗਿਆ । ਇਸ ਤਰ੍ਹਾਂ ਰੰਗਾਂ ਪ੍ਰਤੀ ਖਿੱਚ ਲਈ ਵੀ ਉਹਨਾਂ ਦੇ ਪਹਿਲੇ ਪ੍ਰੇਰਣਾ-ਸਰੋਤ ਉਹਨਾਂ ਦੇ ਮਾਤਾ ਜੀ ਬਣੇ । ਹਾਲੇ ਉਹ ਅੱਠਵੀਂ ਵਿਚ ਹੀ ਪੜ੍ਹਦਾ ਸੀ ਜਦੋਂ ਉਸ ਨੇ ਪੜ੍ਹਾਈ ਅੱਧਵਿੱਚ ਛੱਡ ਕੇ ਰੰਗ-ਸ਼ਾਲਾ ਨਾਲ ਇਸ਼ਕ ਦੀ ਹੱਦ ਤੱਕ ਮੋਹ ਪਾ ਲਿਆ,ਉਸ ਨੇ ਇਸ ਕਾਜ਼ ਲਈ ਨਾਨਕੇ ਪਿੰਡ ਮਾਨਸਾ ਵਿਖੇ ਗੁਰੂ ਦੇਵ ਰਵਿੰਦਰ ਸਿੰਘ ਮਾਨ ਤੇ ਨਰੋਤਮ ਸਿੰਘ ਮਾਨ ਹੁਰਾਂ ਦੀ ਰਹਿਨੁਮਾਈ ’ਚ ਚਿੱਤਰਕਾਰੀ ਦੇ ਬਾਰੀਕ ਨੁਕਤੇ ਸਿੱਖਣ ਲਈ ਕਰੜੀ ਘਾਲਣਾ ਘਾਲੀ ।ਇਸ ਦੌਰਾਨ ਉਹ ਸਾਹਿਤ ਨਾਲ ਵੀ ਨਿਰੰਤਰ ਜੁੜਿਆ ਰਿਹਾ।ਉਸਤਾਦ ਜੀ ਦੀ ਸ਼ਰਨ ਵਿਚ 5 ਸਾਲ ਪੂਰਨ ਭਗਤ ਵਾਂਗੂ ਰੱਜ ਕੇ ਸੇਵਾ ਤੇ ਸ਼ਿਗਰਦੀ ਕਰਨ ਉਪਰੰਤ ਉਸਨੇ ਬਠਿੰਡਾ ਸ਼ਹਿਰ ਨੂੰ ਆਪਣੀ ਕਰਮ-ਭੂਮੀ ਬਣਾ ਲਿਆ। ਇੱਥੇ ਹੁਣ ਉਹ ਸ਼ਹਿਰ ਦੇ ਵੱਖੋ-ਵੱਖ ਮਾਹਿਰ ਚਿੱਤਰਕਾਰਾਂ ਨਾਲ ਰਾਬਤਾ ਰਖਦਾ, ਕਦੇ ਉਹਨਾਂ ਦਾ ਸਹਿਯੋਗੀ ਬਣਕੇ ਤੇ ਕਦੇ ਮੁਲਾਜ਼ਮ ਬਣਕੇ। ਚਿੱਤਰਕਾਰੀ ਦੇ ਨਵੇਂ ਨਵੇਂ ਗੁਰ ਸਿੱਖਦਾ ਗਿਆ ਤੇ ਫੇਰ ਹੌਲੀ ਹੌਲੀ ਚਿੱਤਰਕਾਰੀ ਦੇ ਖੇਤਰ ਵਿੱਚ ਉਸਦੀ ਤੂਤੀ ਬੋਲਣ ਲੱਗ ਪਈ, ਕਲਾ ਦੇ ਜ਼ੋਰ ’ਤੇ ਉਸਦਾ ਨਾਮ ਬਠਿੰਡੇ ਦੇ ਸਿਰਕੱਢ ਚਿੱਤਰਕਾਰਾਂ ਵਿਚ ਹੋਣ ਲੱਗ ਪਿਆ। ’ਅਮਰਜੀਤ ਆਰਟ ਗੈਲਰੀ’ ਬਠਿੰਡਾ ਦੇ ਨਾਂ ਹੇਠ ਹੁਣ ਉਹ ਆਪਣੀ ਰੋਜੀ ਰੋਟੀ ਦਾ ਵਸੀਲਾ ਬਣਾ ਬੈਠਾ ਹੈ।



ਅਮਰਜੀਤ ਸਿੰਘ ਪੇਂਟਰ

ਉਸਦਾ ਕਿਰਤੀ ਵਰਗ ਨਾਲ ਸੰਬੰਧ ਹੋਣ ਕਾਰਨ ਉਸਦੇ ਬੁਰਸ਼ ਚੋਂ ਨਿਕਲੇ ਹੋਏ ਚਿੱਤਰ ਕਿਰਤ-ਵਿਰਤ, ਸਾਹਿਤ-ਸਭਿਆਚਾਰ, ਧਰਮ-ਕਰਮ,ਮਨੁੱਖੀ ਕਦਰਾਂ ਕੀਮਤਾਂ,ਪਿਆਰ-ਮੁਹੱਬਤ ਤੇ ਕੁਦਰਤੀ ਸੁਹਜ-ਸੁਹੱਪਣ ਦੀ ਬਾਤ ਪਾਉਂਦੇ ਹਨ ।ਸਿੱਖ ਗੁਰੂਆਂ ,ਬਾਬਾ ਫਰੀਦ ਜੀ ਅਤੇ ਹੋਰ ਧਰਮਾਂ ਨਾਲ ਸੰਬੰਧਤ ਚਿੱਤਰ ਉਸਦੀ ਕਲਾ ਦਾ ਸ਼ਿੰਗਾਰ ਬਣੇ ਹਨ। ਅੱਜ ਕੱਲ੍ਹ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਅੰਤਰੀਵ ਭਾਵ ਨੂੰ ਆਪਣੇ ਚਿੱਤਰਾਂ ਰਾਹੀਂ ਪ੍ਰਗਟ ਕਰਨ ਦੇ ਮਹਾਨ ਕਾਰਜ ਵਿੱਚ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਰੁੱਝਿਆ ਹੋਇਆ ਹੈ। ਉਸਦਾ ਮੰਨਣਾ ਹੈ ਕਿ “ ਚਿੱਤਰਕਾਰੀ ਅਤੇ ਸੰਗੀਤ ਆਪਣੇ ਆਪ ਵਿੱਚ ਸਰਵ ਵਿਆਪੀ ਭਾਸ਼ਾਵਾਂ ਹਨ ,ਜਿਹਨਾਂ ਨੂੰ ਸਮਝਣ ’ਚ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਕਿਸੇ ਵੀ ਬਸ਼ਰ ਨੂੰ ਰਤਾ ਵੀ ਦੇਰ ਨਹੀਂ ਲਗਦੀ” ਉਸ ਦਾ ਵਿਸ਼ਵਾਸ ਹੈ ਕਿ ਚਿੱਤਰ ਵੀ ਇਕ ਮੂਕ ਕਵਿਤਾ ਵਰਗਾ ਹੁੰਦਾ ਹੈ ਪ੍ਰਮਾਣ ਵਜੋਂ ਉਹ ਅਕਸਰ ਦੁਹਰਾਉਂਦਾ ਹੈ ਇਕ ਤੁਕ:

” ਕਵਿਤਾ ਗਾਇਨ ਉਪਰੰਤ ਇਕ ਚਿੱਤਰ ਸਿਰਜਦੀ ਹੈ,
ਪਰ ਚਿੱਤਰ ਬਿਨ ਗਾਇਆਂ ਹੀ ਇਕ ਕਵਿਤਾ ਹੁੰਦਾ ਹੈ÷
( ਪਿਕਾਸੋ)

ਉਸਦੀ ਉੱਚ ਮਿਆਰੀ ਚਿੱਤਰਕਲਾ ਲਈ ਉਹ ਜਿੱਥੇ ਆਪਣੇ ਮਾਪਿਆਂ,ਆਪਣੇ ਕਿਰਤੀ ਸਮਾਜ ਨੂੰ ਪ੍ਰੇਰਣਾ-ਸਰੋਤ ਮੰਨਦਾ ਹੈ ਉੱਥੇ ਉਹ ਆਪਣੇ ਗੁਰੂ ਦੇਵ ਰਵਿੰਦਰ ਸਿੰਘ ਮਾਨ , ਨਰੋਤਮ ਸਿੰਘ ਮਾਨ ਸਮੇਤ ਵਿਸ਼ਵ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਆਰਟਿਸਟ ਅਤੇ ਕਿਰਪਾਲ ਸਿੰਘ ਆਰਟਿਸਟ ਨੂੰ ਆਪਣਾ ਆਦਰਸ਼ ਮੰਨਦਾ ਹੈ ।ਇਸ ਤੋਂ ਇਲਾਵਾ ਉਹ ਅੰਮ੍ਰਿਤਾ ਸ਼ੇਰਗਿੱਲ, ਐਸ ਜੀ ਠਾਕੁਰ, ਸੋਹਣ ਸਿੰਘ, ਦਵਿੰਦਰ ਸਿੰਘ ਐਸ ਐਸ ਸ਼ੇਖ,,ਐਮ. ਐਫ ਹੁਸੈਨ ਅਤੇ ਵਿਸ਼ਵ ਪ੍ਰਸਿੱਧ ਚਿੱਤਰਕਾਰ ਅਤੇ ਮੂਰਤੀਕਾਰ ਮਾਈਕਲ ਐਂਗਲੋ,ਰੋਬਿਨ, ਲਿਓਨਾਰਦ ਦਾ ਵਿੰਚੀ, ਅਤੇ ਪਾਬਲੋ ਪਿਕਾਸੋ ਤੋਂ ਬੇਹੱਦ ਪ੍ਰਭਾਵਿਤ ਰਿਹਾ ਹੈ।

ਉਹ ਸਾਹਿਤ ਦੇ ਖੇਤਰ ਨਾਲ ਬਹੁਤ ਨੇੜੇ ਤੋਂ ਜੁੜਿਆ ਹੋਇਆ ਹੈ।ਉਸਨੇ ਅੱਜ ਤੱਕ ਲਗਭਗ 250 ਤੋਂ ਵੱਧ ਉੱਚ ਕੋਟੀ ਦੇ ਸਾਹਿਤਕਾਰਾਂ ਦੇ ਸਕੈਚ ਬਣਾਏ ਹਨ। ਜਿਹਨਾਂ ਵਿੱਚੋਂ ਬਾਬਾ ਫਰੀਦ, ਸ਼ਾਹ ਹੁਸੈਨ, ਵਾਰਿਸ ਸ਼ਾਹ, ਬਾਬਾ ਬੁੱਲ੍ਹੇਸ਼ਾਹ, ਪ੍ਰੋ ਮੋਹਣ ਸਿੰਘ,ਸੁਰਜੀਤ ਪਾਤਰ, ਅੰਮ੍ਰਿਤਾ ਪ੍ਰੀਤਮ ਅਤੇ ਬਾਬਾ ਨਜ਼ਮੀ ਦੇ ਨਾਮ ਜਿਕਰਯੋਗ ਹਨ।ਉਸ ਨੂੰ 200 ਤੋਂ ਵੱਧ ਪੁਸਤਕਾਂ ਦੇ ਸਰਵਰਕ ਤਿਆਰ ਕਰਨ ਦਾ ਮਾਣ ਹਾਸਿਲ ਹੈ ਜਿਹਨਾਂ ਵਿੱਚ ਬਾਬੂ ਰਜਬ ਅਲੀ ਦੇ 8 ਕਾਵਿ ਕਿਰਤ ਅੰਕ ਵਿਸ਼ੇਸ਼ ਹਨ। ਮਾਲਵੇ ਦੇ ਉੱਘੇ ਸਾਹਿਤਕਾਰ ਸੁਖਦਰਸ਼ਨ ਗਰਗ ਨਾਲ ਮਿਲ ਕੇ ਉਸਨੇ ਤਿੰਨ ਰੁਬਾਈ ਸੰਗ੍ਰਹਿ, ਚਿੱਤਰ-ਕਾਵਿ ਕਲਾ ਦੇ ਰੂਪ ਵਿੱਚ ਪੇਸ਼ ਕੀਤੇ ਹਨ ।ਜਿਹਨਾਂ ਵਿੱਚ :

1 ਚੰਦਨ ਰੁੱਖ ਰੁਬਾਈ ਸੰਗ੍ਰਹਿ 2008
2 ਜ਼ਿਹਰੀ ਚੋਗ ਰੁਬਾਈ ਸੰਗ੍ਰਹਿ 2017
3 ਧਰਤ ਪਿਆਸੀ ਰੁਬਾਈ ਸੰਗ੍ਰਹਿ 2025

ਮੂਲ ਰੂਪ ਚ ਉਹ ਮਿੰਨੀ ਕਹਾਣੀ,ਰੁਬਾਈ ਅਤੇ ਖੁੱਲ੍ਹੀ ਕਵਿਤਾ ਲਿਖਦਾ ਹੈ। ਚਿੱਤਰਕਾਰੀ ਦੇ ਵਿਸ਼ੇ ’ਤੇ ਉਸਦੇ ਅਣਗਿਣਤ ਲੇਖ ਵੱਖੋ-ਵੱਖ ਸਾਹਿਤਕ ਮੈਗਜ਼ੀਨਾਂ ਅਤੇ ਮਿਆਰੀ ਅਖਬਾਰਾਂ ਵਿਚ ਛਪ ਚੁੱਕੇ ਹਨ।

ਉਹ ਸਾਹਿਤ ਅਤੇ ਕਲਾ ਦਾ ਸੁਹਿਰਦ ਕਾਮਾ ਹੈ ਹੁਣ ਤੱਕ ਉਹ 100 ਤੋਂ ਵੱਧ ਸਾਂਝੀਆਂ ਚਿੱਤਰ-ਪ੍ਰਦਰਸ਼ਨੀਆਂ ,70 (ਖੁਦ ਇੱਕਲੇ) ਸੋਲੋ ਪ੍ਰਦਰਸ਼ਨੀਆਂ, ਲਗਭਗ 75 ਆਰਟ ਵਰਕਸ਼ਾਪਜ ਅਤੇ 35 ਦੇ ਕਰੀਬ ਵਿਦਿਆਰਥੀਆਂ ਲਈ ਸਿੱਖਿਆ ਹਿੱਤ ਵਰਕਸ਼ਾਪਜ ਲਗਾ ਚੁੱਕਾ ਹੈ।ਉਹ ਅਨੇਕਾਂ ਸਕੂਲਾਂ ,ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਚਿਤਰਕਲਾ ਮੁਕਾਬਲਿਆਂ ਵਿਚ ਬਤੌਰ ਜੱਜ ਸੇਵਾ ਦੇ ਚੁੱਕਿਆ ਹੈ।

ਬੇਸ਼ੱਕ ਉਹ ਖੁਦ ਅਕਾਦਮਿਕ ਤੌਰ ਤੇ ਬਹੁਤੀ ਪੜ੍ਹਾਈ ਨਹੀਂ ਕਰ ਸਕਿਆ ਪਰ ਉਸਦਾ ਈਲਮ ਓ ਅਮਲ ਏਨਾ ਪ੍ਰਭਾਵਸ਼ਾਲੀ ਹੈ ਕਿ ਅੱਜ ਉਸ ਦਾ ਕੰਮ ਖੋਜ ਦਾ ਵਿਸ਼ਾ ਬਣਿਆ ਹੋਇਆ ਹੈ ।ਉਸਦੀ ਕਾਰਜ ਵਿਧੀ ’ਤੇ ਖੋਜ ਕਰਕੇ ਕਿੰਨੇ ਹੀ ਵਿਦਿਆਰਥੀ ਐਮ ਐਫ ਏ ਅਤੇ ਪੀ ਐਚ ਡੀ ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ।

ਉਸ ਦਾ ਕਲਾ ਅਤੇ ਸਾਹਿਤ ਨਾਲ, ਇਸ ਹੱਦ ਤੱਕ ਲਗਾਅ ਹੈ ਕਿ ਉਹ ਸਾਹਿਤ -ਕਲਾ ਨਾਲ ਸੰਬੰਧਤ ਤਨਜੀਮਾਂ ਦੇ ਕੰਮਾਂ ਵਿਚ ਤਨ, ਮਨ, ਧਨ ਨਾਲ ਪੂਰੀ ਵਾਹ ਲਾ ਕੇ ਜੁਟਿਆ ਰਹਿੰਦਾ ਹੈ ।ਹੁਣ ਉਹ:

1 ਸ੍ਰ: ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ (ਰਜਿ.) ਬਠਿੰਡਾ ਦਾ ਸੰਸਥਾਪਕ ਮੈਂਬਰ , ਫਾਊਂਡਰ ਜਰਨਲ ਸਕੱਤਰ, ਪ੍ਰਧਾਨ ਅਤੇ ਚੇਅਰਮੈਨ ਰਿਹਾ ਹੈ ।ਅੱਜ ਕੱਲ੍ਹ ਉਹ ਇਸ ਸੰਸਥਾ ਦਾ ਸਰਪ੍ਰਸਤ ਹੈ। ਇਸ ਸੰਸਥਾ ਵੱਲੋਂ ਇਕ ’ਸਿਲਵਰ ਜੁਬਲੀ ਸੋਵੀਨਾਰ ’ ਕੱਢਿਆ ਗਿਆ ਸੀ ਜਿਸ ਵਿਚ ਉਸ ਨੇ ਬਤੌਰ ਚੀਫ ਆਡੀਟਰ ਵਜੋਂ ਬਾਖੂਬੀ ਸੇਵਾ ਦਿੱਤੀ।
2 ਪੰਜਾਬੀ ਸਾਹਿਤ ਸਭਾ (ਰਜਿ) ਬਠਿੰਡਾ ਦਾ ਵਿੱਤ ਸਕੱਤਰ ਰਿਹਾ।
3 ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂਵਾਲੀ ਦਾ ਮੁੱਖ ਸਲਾਹਕਾਰ ਹੈ।
4 ਪੰਜਾਬ ਕੇਂਦਰੀ ਲੇਖਕ ਸਭਾ ਦਾ ਜੀਵਨ ਮੈਂਬਰ ਹੈ।
5 ਪਬਲਿਕ ਲਾਇਬ੍ਰੇਰੀ ਬਠਿੰਡਾ ਦਾ ਜੀਵਨ ਮੈਂਬਰ ਹੈ।
6 ਸਾਹਿਤ ਜਾਗ੍ਰਿਤੀ ਸਭਾ (ਰਜਿ.) ਦਾ ਸੀਨੀਅਰ ਮੈਂਬਰ ਹੈ
7 ਸਾਹਿਤ ਸਿਰਜਣਾ ਮੰਚ ਬਠਿੰਡਾ ਦਾ ਸਰਪ੍ਰਸਤ ਹੈ

ਉਸਦੇ ਸਾਹਿਤ ਤੇ ਕਲਾ ਪ੍ਰਤੀ ਕਾਰਜਾਂ ਨੂੰ ਸਮਾਜ ਨੇ ਦਿਲ ਖੋਲ੍ਹ ਕੇ ਪ੍ਰਵਾਨ ਹੀ ਨਹੀਂ ਕੀਤਾ, ਬਲਕਿ ਬੇਹੱਦ ਸਰਾਹਿਆ ਵੀ ਤੇ ਰੱਜ ਕੇ ਮਾਣ ਸਨਮਾਨ ਵੀ ਉਸਦੀ ਝੋਲੀ ਚ ਪਾਏ ।ਜਿਹਨਾਂ ਚੋਂ ਕੁੱਝ ਵਿਸ਼ੇਸ਼ ਜਿਕਰਯੋਗ:

1 ਕਲਾ ਦੇ ਖੇਤਰ ’ਚ ਸਟੇਟ ਅਵਾਰਡ (ਪੰਜਾਬ ਸਰਕਾਰ)
2 ਪੰਜਾਬ ਲਲਿਤ ਕਲਾ ਅਕਾਦਮੀ ਵਲੋਂ ਸਨਮਾਨ
3 ਸੱਭਿਆਚਾਰਕ ਮਾਮਲੇ ਵਿਭਾਗ ਵਲੋਂ ਸਨਮਾਨ
4 ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਵਲੋਂ ਵਿਸ਼ੇਸ਼ ਸਨਮਾਨ
5 ਨਾਰਥ ਜੋਨ ਕਲਚਰਲ ਸੈਂਟਰ ਪਟਿਆਲਾ ਵਲੋਂ ਸਨਮਾਨ
6 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਸਨਮਾਨ
7 ਭਾਈ ਰੂਪਾ ਫਾਊਂਡੇਸ਼ਨ ਅਮਰੀਕਾ ਵਲੋਂ ਸਨਮਾਨ
8 ਪੰਜਾਬੀ ਸਾਹਿਤ ਸਭਾ ਬਠਿੰਡਾ ਵਲੋਂ ਸਨਮਾਨ
9 ਸ੍ਰ ਸੋਭਾ ਸਿੰਘ ਮੈਮੋਰੀਅਲ ਚਿਤਰਕਾਰ ਸੁਸਾਇਟੀ (ਰਜਿ.) ਬਠਿੰਡਾ ਵਲੋਂ ਸਨਮਾਨ
10ਸੋਭਾ ਸਿੰਘ ਆਰਟ ਸੁਸਾਇਟੀ ਅੰਦਰੇਟਾ ਵਲੋਂ ਵਿਸ਼ੇਸ਼ ਸਨਮਾਨ
11ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂਵਾਲੀ ਵਲੋਂ ਵਿਸ਼ੇਸ਼ ਸਨਮਾਨ
12 ਪੰਜਾਬੀ ਸਾਹਿਤ ਸਭਾ ਧੂਰੀ ਵਲੋਂ ਵਿਸ਼ੇਸ਼ ਸਨਮਾਨ
13 ਦੇਸ਼ ਸੇਵਾ ਰਤਨ ਅਵਾਰਡ ਲੁਧਿਆਣਾ ਵਲੋਂ ਵਿਸ਼ੇਸ਼ ਸਨਮਾਨ
14 ਰਵੀ-ਪਾਸ਼ ਕਾਰਵਾਂ ਵਲੋਂ ਵਿਸ਼ੇਸ਼ ਸਨਮਾਨ
15 ਸ਼ਹੀਦ ਭਗਤ ਸਿੰਘ ਐਜੂਕੇਸ਼ਨ ਸੁਸਾਇਟੀ ਵਲੋਂ ਵਿਸ਼ੇਸ਼ ਸਨਮਾਨ
16 ਲੱਖੀ ਜੰਗਲ ਪੰਜਾਬੀ ਸੱਥ ਵਲੋਂ ਵਿਸ਼ੇਸ਼ ਸਨਮਾਨ
17 ਮਾਲਵਾ ਹੈਰੀਟੇਜ ਫਾਊਂਡੇਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਬਠਿੰਡਾ ਵਲੋਂ ਵਿਸ਼ੇਸ਼ ਸਨਮਾਨ
18 ਦੈਨਿਕ ਭਾਸਕਰ (ਮੇਰੇ ਗੁਰੂ) ਵਲੋਂ ਵਿਸ਼ੇਸ਼ ਸਨਮਾਨ
19 ਬਾਬਾ ਫਰੀਦ ਆਰਟ ਸੁਸਾਇਟੀ ਫਰੀਦਕੋਟ, ਵਲੋਂ ਵਿਸ਼ੇਸ਼। ਸਨਮਾਨ
20 ਭਾਈ ਗੁਰਦਾਸ ਐਜੂਕੇਸ਼ਨ ਸੁਸਾਇਟੀ, ਗੁਰਦੁਆਰਾ ਪ੍ਰਬੰਧਕ ਕਮੇਟੀ ਹਜੂਰਾ ਕਪੂਰਾ ਕਲੋਨੀ, ਵਲੋਂ ਵਿਸ਼ੇਸ਼ ਸਨਮਾਨ
21 ਆਤਮੋਦਿਆਂ ਫਾਊਂਡੇਸ਼ਨ ਸਿਰਸਾ ਵਲੋਂ ਵਿਸ਼ੇਸ਼ ਸਨਮਾਨ
22 ਗੁ. ਪ੍ਰਬੰਧਕ ਕਮੇਟੀ ਕਲਗੀਧਰ ਵਲੋਂ ਵਿਸ਼ੇਸ਼ ਸਨਮਾਨ
23 ਏਅਰ ਫੋਰਸ ਸਟੇਸ਼ਨ ਭੀਸੀਆਣਾ ਬਠਿੰਡਾ ਵਲੋਂ ਵਿਸ਼ੇਸ਼ ਸਨਮਾਨ
24 ਸਕਸ਼ਮ ਸਪਰਸ਼ ਆਰਟ ਫਾਊਂਡੇਸ਼ਨ ਚੰਡੀਗੜ੍ਹ ਵਲੋਂ ਵਿਸ਼ੇਸ਼ ਸਨਮਾਨ
25 ਟੀਚਰਜ਼ ਹੋਮ ਟਰੱਸਟ ਬਠਿੰਡਾ ਵਲੋਂ ਵਿਸ਼ੇਸ਼ ਸਨਮਾਨ

ਅਤੇ ਹੋਰ ਬਹੁਤ ਸਾਰੇ ਕਾਲਜਾਂ ਸਕੂਲਾਂ, ਸਭਾ ਸੁਸਾਇਟੀ ਆਦਿ ਤੋਂ ਸਤਿਕਾਰ ਮਿਲਿਆ ਹੈ।ਇਹਨਾਂ ਮਾਣ ਸਤਿਕਾਰਾਂ ਨਾਲ ਇਨਸਾਨ ਦੀਆਂ ਜਿੰਮੇਵਾਰੀ ਵੀ ਵਧਦੀਆਂ ਹਨ, ਅਸਲ ਵਿੱਚ ਸਭ ਤੋਂ ਵੱਡਾ ਮਾਣ ਸਤਿਕਾਰ ਤੁਹਾਡੇ ਦਰਸ਼ਕ ਜਾਂ ਸਰੋਤੇ ਹੀ ਹੁੰਦੇ ਹਨ ਜੋ ਤੁਹਾਡੇ ਗੁਣ ਔਗੁਣਾਂ ਬਾਰੇ ਤੁਹਾਨੂੰ ਸਮੇਂ ਸਮੇਂ ਅਹਿਸਾਸ ਕਰਵਾਉਂਦੇ ਰਹਿੰਦੇ ਹਨ ਤੇ ਇਹ ਸਨਮਾਨ ਉਸ ਨੂੰ ਬੇਥਾਹ ਮਿਲਿਆ।

÷ਅਮਰਜੀਤ ਸਿੰਘ ਪੇਂਟਰ” ਹੁਰਾਂ ਦੇ ਨਿੱਜ ਤੇ ਝਾਤੀ ਮਾਰੀਏ ਤਾਂ ਜਿਵੇਂ ਪਹਿਲਾਂ ਵੀ ਜ਼ਿਕਰ ਆਇਆ ਹੈ ਕਿ ਉਹ ਇਕ ਕਿਰਤੀ ਪਰਿਵਾਰ ਚੋਂ ਉੱਠਿਆ ਹੈ ,ਉਸਦੀ ਜ਼ਿੰਦਗੀ ਬੇਹੱਦ ਸੰਘਰਸ਼ਸ਼ੀਲ ਰਹੀ ਹੈ। ਉਸਨੇ ਉਹ ਸਾਰੀਆਂ ਤੱਤੀਆਂ ਠੰਢੀਆਂ ਵਾਅਵਾਂ ਆਪਣੇ ਪਿੰਡੇ ਤੇ ਹੰਢਾਈਆਂ ਹਨ ਜੋ ਸਾਡੇ ਸਮਾਜ ਦੇ ਆਮ ਨਿਮਨ ਵਰਗ ਦੇ ਹਿੱਸੇ ਆਉਂਦੀਆਂ ਹਨ। ਇਹ ਉਸਦਾ ਸਹਿਜ ਸੁਭਾ ਹੀ ਹੈ, ਜੋ ਉਸ ਨੂੰ ਹਰ ਮੌਸਮ ਵਿਚ ਹਰਿਆ ਭਰਿਆ ਰੱਖਦਾ ਹੈ। ਉਹ ਹੱਸੂ-ਹੱਸੂ ਕਰਦੇ ਚਿਹਰੇ ਨਾਲ ਸਭ ਦਾ ਮਿੱਤਰ ਬਣ ਜਾਂਦਾ ਹੈ। ਬੇਸ਼ੱਕ ਉਹ ਕਲਾ ਦੇ ਖੇਤਰ ਵਿਚ ਇਕ ਸਤਿਕਾਰਤ ਤੇ ਸ਼ਾਨਦਾਰ ਮੁਕਾਮ ਹਾਸਲ ਕਰ ਚੁੱਕਿਆ ਹੈ ਪਰ ਉਹ ਅੱਜ ਵੀ ਆਪਣੇ ਕਿਰਤੀ ਵਰਗ ਨਾਲ ਡੱਟ ਕੇ ਖੜਾ ਹੈ। ਉਸਦੀ ਨਜ਼ਰ ਅੰਬਰ ’ਤੇ ਹੈ ਤਾਂ ਉਸਦੇ ਪੈਰ ਧਰਤ ਉੱਤੇ ਹਨ,ਉਸ ਦੀ ਸਿਫਤ ਹੈ ਕਿ ਉਹ ਆਪਣੀ ਮਿੱਟੀ ਨਾਲ ਰੂਹ ਤੱਕ ਜੁੜਿਆ ਹੋਇਆ ਹੈ। ਉਸਦੀ ਸਫਲਤਾ ਪਿੱਛੇ ਜਿੱਥੇ ਉਸਦੇ ਮਾਂ-ਪਿਓ ਦਾ ਆਸ਼ੀਰਵਾਦ ਹੈ ਉੱਥੇ ਪ੍ਰਮਾਤਮਾ ਤੋਂ ਬਾਅਦ ਜਿਹੜੀ ਦੂਜੀ ਸ਼ਕਤੀ ਹੈ , ਉਹ ਹੈ ਉਸਦੀ ਜੀਵਨ ਸਾਥਣ ਸ਼੍ਰੀਮਤੀ ਰਵਿੰਦਰ ਕੌਰ । ਮੈਮ ਰਵਿੰਦਰ ਨੇ ਅਮਰਜੀਤ ਨੂੰ ਘਰ ਦੀਆਂ ਬਹੁਤੀਆਂ ਜਿੰਮੇਵਾਰੀਆਂ ਤੋਂ ਨਾ ਕੇਵਲ ਮੁਕਤ ਹੀ ਰੱਖਿਆ ਹੋਇਆ ਹੈ ਬਲਕਿ ਉਹ ਉਸਦੇ ਬੁਲੰਦ ਇਰਾਦਿਆਂ ਲਈ ਇਕ ਮਜਬੂਤ ਹੌਸਲਾ ਬਣੀ ਹੋਈ ਹੈ। ਅਮਰਜੀਤ ਦੀ ਖੁਸ਼ਿਕਸਮਤੀ ਇਹ ਕਿ ਉਸਦੀ ਕਲਾ ਰੂਪੀ ਵਿਰਾਸਤ ਨੂੰ ਉਸਦੇ ਬੱਚਿਆਂ ਨੇ ਹੋਰ ਉੱਨਤ ਕੀਤਾ ਹੈ। ਉਸ ਦਾ ਵੱਡਾ ਬੇਟਾ ਡਾ. ਹਰਸਿਮਰਨ ਸਿੰਘ ਪ੍ਰੋਫੈਸਰ ਵਜੋਂ ਸੇਵਾ ਕਰਦਾ ਹੈ ਪਰ ਉਹ ਚਿੱਤਰਕਾਰੀ ਨਾਲ ਨਿਰੰਤਰ ਜੁੜਿਆ ਹੋਇਆ ਹੈ ।ਉਸਦੀ ਨੂੰਹ-ਬੇਟੀ ਅਮਨਦੀਪ ਕੌਰ ਮੈਥ ਟੀਚਰ ਹੈ ,ਉਹ ਵੀ ਮਸੱਲਸਲ ਚਿੱਤਰਕਾਰੀ ਦਾ ਅਭਿਆਸ ਕਰਦੀ ਰਹਿੰਦੀ ਹੈ । ਅਮਰਜੀਤ ਦੇ ਛੋਟੇ ਫਰਜੰਦ ਹਰਮੀਤ ਸਿੰਘ ਰਤਨ ਨੇ ਪਿਤਾ ਦੀ ਵਿਰਾਸਤੀ ਕਲਾ ਨੂੰ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਦੂਰ ਤੱਕ ਪਹੁੰਚਾ ਦਿੱਤਾ ਹੈ,ਭਾਵ ਉਹ ਗ੍ਰੇਟਰ ਨੌਇਡਾ ਵਿਖੇ “ਹਰਮੀਤ ਰਤਨ” ਸਟੂਡੀਓ ਦੇ ਨਾਮ ਤਹਿਤ ਸਥਾਪਤ ਹੋ ਚੁੱਕਿਆ ਹੈ ।ਅੱਜ ਕੱਲ੍ਹ ਅਮਰਜੀਤ ਫੁਰਸਤ ਦੇ ਪਲਾਂ ਵਿਚ ਜਿਆਦਾ ਸਮਾਂ ਪੋਤੀ ਦਿਲਰਾਜ ਰਤਨ ਨਾਲ ਬਿਤਾਉਂਦਾ ਹੈ। ਉਹ ਕਹਿੰਦਾ ਹੈ ਅੱਜ ਕੱਲ੍ਹ ਸਾਡੀ ਦਾਦੇ-ਪੋਤੀ ਦੀ ਪੱਕੀ ਦੋਸਤੀ ਹੈ।

ਸ਼ਾਲਾ ! ਵਾਹਿਗੁਰੂ ਇਸ ਪਿਆਰੇ ਜਿਹੇ ਸੋਹਣੇ ਪਰਿਵਾਰ ਤੇ ਮਿਹਰ ਬਣਾਈ ਰੱਖੇ ।ਅੰਤ ਵਿੱਚ ਮੈਂ ਕਾਮਨਾ ਕਰਦਾ ਹਾਂ ਕਿ ਮਾਲਵੇ ਵਾਲਿਆਂ ਦਾ ਬਾਈ ,ਪੰਜਾਬੀ ਸਾਹਿਤ ਤੇ ਚਿੱਤਰਕਲਾ ਦਾ ਮਾਣਮੱਤਾ ਹਸਤਾਖ਼ਰ ’ਅਮਰਜੀਤ ਸਿੰਘ ਪੇਂਟਰ ’ ਆਪਣੀ ਕਲਮ ਅਤੇ ਬੁਰਸ਼ ਨੂੰ ਭਵਿੱਖ ਵਿਚ ਵੀ ਏਦਾਂ ਹੀ ਗਤੀਸ਼ੀਲ ਰੱਖੇਗਾ ।ਆਪਣੇ ਕਲਾਤਮਕ ਸਫ਼ਰ ਨੂੰ ਜਾਰੀ ਰੱਖਦਿਆਂ ਸਾਹਿਤ ਤੇ ਚਿੱਤਰਕਾਰੀ ਦੇ ਖੇਤਰ ਵਿੱਚ ਹੋਰ ਨਵੇਂ ਕੀਰਤੀਮਾਨ ਸਥਾਪਿਤ ਕਰਦਾ ਰਹੇਗਾ। ਆਮੀਨ



**ਅਮਰਜੀਤ ਸਿੰਘ ਜੀਤ**
**9417287123**

ਆਵਾਜ਼ਿ ਕੌਮ AWAZE QAUM International Newspaper & WEB TV

ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਨਮ ਅਸਥਾਨ ਵਿਖੇ

# ਭਾਦੋਂ ਮਹੀਨੇ ਦੀ ਪਵਿੱਤਰ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ

## ਸੰਤ ਖਾਲਸਾ ਦੇ ਹਜ਼ੂਰੀ ਰਾਗੀ ਜੱਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਭਾਈ ਅਵਤਾਰ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ

















ਮੋਗਾ, (ਆਵਾਜਿ ਕੌਮ ਬਿਉਰੋ ਰਿਪੋਰਟ) ਗੁਰਪ੍ਰੀਤ ਸਿੰਘ - ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਦੇ ਨਗਰ ਪਿੰਡ ਰੋਡੇ ਵਿਖੇ ਭਾਦੋਂ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਮਨਾਇਆ ਗਿਆ, ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ।ਇਸ ਮੌਕੇ ਗੁਰਦੁਆਰਾ ਸੰਤ ਖਾਲਸਾ ਦੇ ਹਜ਼ੂਰੀ ਰਾਗੀ ਜੱਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਭਾਈ ਅਵਤਾਰ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇਗਲੈਂਡ ਨਿਵਾਸੀ ਭਾਈ ਰਘਵੀਰ ਸਿੰਘ ਜੀ ਮਾਲੜੀ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ, ਅਤੇ ਲੰਗਰ ਦੀ ਸੇਵਾ ਭਾਈ ਨਿਰਮਲ ਸਿੰਘ ਦੇ ਪਰਿਵਾਰ ਵੱਲੋਂ ਨਿਭਾਈ ਗਈ। ਸਮਾਪਤੀ ਉਪਰੰਤ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ, ਸਮੂਹ ਸੇਵਾਦਾਰਾਂ ਨੇ ਵਧ ਚੜ੍ਹ ਕੇ ਸੇਵਾਵਾਂ ਕੀਤੀਆਂ, ਬਾਬਾ ਬੂਟਾ ਸਿੰਘ ਜੀ ਅਤੇ ਸਮੂਹ ਵਿਦਿਆਰਥੀ ਸਿੰਘਾਂ ਵੱਲੋਂ ਲੰਗਰ ਦੀ ਜ਼ੁੰਮੇਵਾਰੀ ਨਿਭਾਈ ਗਈ। ਇਸ ਅਸਥਾਨ ਤੇ ਹਰ ਮਹੀਨੇ ਸੰਗਰਾਂਦ ਵਾਲੇ ਦਿਨ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਂਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243